ਅਗਾਊਂ ਵੋਟਿੰਗ
26 ਅਕਤੂਬਰ – 3 ਨਵੰਬਰ

ਚੋਣ ਦਿਹਾੜਾ
5 ਨਵੰਬਰ

2024 ਆਮ ਚੋਣਾਂ

# ਵੋਟਰ ਗਾਈਡ

ਤਜਵੀਜ਼ਾਂ ਵਾਲ਼ੀ ਵੋਟ-ਪਰਚੀ

1989 ਤੋਂ ਹੁਣ ਤੱਕ NYC ਦੀਆਂ ਚੋਣਾਂ ਲਈ ਨਿਰਪੱਖ ਗਾਈਡ

NYC VOTES
ਨਿਊਯਾਰਕ ਸ਼ਹਿਰ ਦਾ ਚੋਣ-ਪ੍ਰਚਾਰ ਸਬੰਧੀ ਫ਼ਾਇਨਾਂਸ ਬੋਰਡ

nycvotes.org/pa 'ਤੇ ਹੋਰ ਜਾਣੋ

# 2024 NYC ਵੋਟਰ ਗਾਈਡ ਵਿੱਚ ਤੁਹਾਡਾ ਸੁਆਗਤ ਹੈ!

NYC Votes ਨਾਲ ਹੁਸ਼ਿਆਰੀ ਨਾਲ ਵੋਟ ਪਾਓ! ਵੋਟ-ਪਰਚੀ 'ਤੇ ਕੀ ਹੈ ਅਤੇ ਆਪਣੀ ਵੋਟ-ਪਰਚੀ ਪਾਉਣ ਦੇ ਵੱਖ-ਵੱਖ ਤਰੀਕਿਆਂ ਬਾਰੇ ਪੜ੍ਹੋ।

### ਮੈਂ ਵੋਟ ਕਦੋਂ ਪਾਵਾਂ?

- ਨਿਊਯਾਰਕ ਸਟੇਟ ਦੀਆਂ ਆਮ ਚੋਣਾਂ ਮੰਗਲਵਾਰ, **5 ਨਵੰਬਰ** ਨੂੰ ਹੋਣਗੀਆਂ।
- ਤੁਸੀਂ ਸ਼ਨਿਚਰਵਾਰ, **26 ਅਕਤੂਬਰ** ਤੋਂ ਐਤਵਾਰ, **3 ਨਵੰਬਰ** ਤੱਕ ਅਗਾਊਂ ਵੋਟ ਪਾ ਸਕਦੇ ਹੋ।
- ਸੋਮਵਾਰ, **4 ਨਵੰਬਰ** ਨੂੰ ਕੋਈ ਅਗਾਊਂ ਵੋਟਿੰਗ ਨਹੀਂ ਹੋਏਗੀ।

### ਮੈਂ ਕਿਸ ਲਈ ਵੋਟਿੰਗ ਕਰ ਰਿਹਾ/ਰਹੀ ਹਾਂ?

**ਦਫ਼ਤਰ**

- ਰਾਸ਼ਟਰਪਤੀ
- ਉਪ-ਰਾਸ਼ਟਰਪਤੀ
- ਅਮਰੀਕੀ ਸੈਨੇਟ
- ਅਮਰੀਕੀ ਹਾਉਸ
- ਰਾਜ ਸੈਨੇਟ
- ਸਟੇਟ ਅਸੈਂਬਲੀ

**ਜੱਜ**

- NYS ਸੁਪਰੀਮ ਕੋਰਟ
- ਸਿਵਿਲ ਅਦਾਲਤ
- ਸਰੋਗੇਟ ਦੀ ਅਦਾਲਤ

**ਹੋਰ**

- ਤਜਵੀਜ਼ਾਂ ਵਾਲ਼ੀ ਵੋਟ-ਪਰਚੀ

ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਹੋਰ ਜਾਣਨ ਲਈ, **punjabi.nycvotes.org/candidates** 'ਤੇ ਜਾਓ।

## ਚੋਣ ਦੀਆਂ ਤਾਰੀਖ਼ਾਂ ਅਤੇ ਅੰਤਮ-ਤਾਰੀਖ਼ਾਂ

| | |
|---|---|
| **26 ਅਕਤੂਬਰ** | **ਵੋਟਰ ਰਜਿਸਟ੍ਰੇਸ਼ਨ ਦੀ ਅੰਤਮ-ਤਾਰੀਖ਼**<br>**ਡਾਕ ਵੋਟ-ਪਰਚੀ ਲਈ ਬੇਨਤੀ ਕਰਨਾ** (ਔਨਲਾਈਨ ਜਾਂ ਡਾਕ ਰਾਹੀਂ)<br>**ਅਗਾਊਂ ਵੋਟਿੰਗ ਸ਼ੁਰੂ ਹੋਣੀ ਹੈ** |
| **3 ਨਵੰਬਰ** | **ਅਗਾਊਂ ਵੋਟਿੰਗ ਖ਼ਤਮ ਹੋਣੀ ਹੈ** |
| **4 ਨਵੰਬਰ** | **ਗੈਰਹਾਜ਼ਰ ਬੈਲਟ ਬਾਰੇ** (ਚੋਣ ਬੋਰਡ ਦੇ ਦਫ਼ਤਰ ਵਿੱਚ ਆਪ ਆਕੇ) **ਅੰਤਮ-ਤਾਰੀਖ਼ ਦੀ ਬੇਨਤੀ ਕੀਤੀ ਜਾ ਸਕਦੀ ਹੈ।** |
| **5 ਨਵੰਬਰ** | **ਚੋਣ ਦਿਹਾੜਾ (ਸਵੇਰੇ 6:00 ਵਜੇ – ਰਾਤੀਂ 9:00 ਵਜੇ)**<br>**ਆਪਣੀ ਗੈਰਹਾਜ਼ਰ ਬੈਲਟ (ਵੋਟ-ਪਰਚੀ) 'ਤੇ ਪੋਸਟਮਾਰਕ ਜਾਂ ਵੋਟਾਂ ਪੈਣ ਦੀ ਥਾਂ 'ਤੇ ਇਸ ਨੂੰ ਪਾਉਣ ਦੀ ਅੰਤਮ ਤਾਰੀਖ਼** |

## ਵਿਸ਼ਾ-ਵਸਤੂ


3 ਵੋਟ ਕਿਵੇਂ ਪਾਓ
4 ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ
5 ਵੋਟਰ ਵਜੋਂ, ਮੇਰੇ ਕਿਹੜੇ ਹੱਕ ਹਨ?
6 ਪਹੁੰਚਯੋਗਤਾ
7 ਸੈਂਪਲ ਵੋਟ
8 ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?
9 ਪਤਝੜ 2024 ਤਜਵੀਜ਼ਾਂ ਵਾਲੀ ਵੋਟ-ਪਰਚੀ
14 NYC Votes ਬਾਰੇ
15 ਅਕਸਰ ਪੁੱਛੇ ਜਾਣ ਵਾਲੇ ਸੁਆਲ
16 ਚੋਣ ਬੋਰਡ ਨਾਲ ਸੰਪਰਕ ਕਰੋ

# ਵੋਟ ਕਿਵੇਂ ਪਾਓ

## ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ:

**ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ ਦਾ ਪਤਾ ਲਾਓ:**

- **nycvotes.org/pa** 'ਤੇ ਜਾਓ
- NYC ਚੋਣ ਬੋਰਡ ਨੂੰ **866-VOTE-NYC (866-868-3692)** ਜਾਂ **TTY 212-487- 5496** 'ਤੇ ਕਾੱਲ ਕਰੋ।

## ਡਾਕ ਰਾਹੀਂ ਵੋਟ

ਡਾਕ ਰਾਹੀਂ ਵੋਟ ਪਾਉਣ ਦੇ ਦੋ ਵਿਕਲਪ ਹਨ: 'ਗੈਰਹਾਜ਼ਰ' ਅਤੇ 'ਅਗਾਊਂ ਮੇਲ'। ਜੇ ਤੁਹਾਡਾ ਕੋਈ ਕਾਰਣ ਹੈ, ਜਿਸ ਵਿੱਚ ਬਿਮਾਰੀ ਜਾਂ ਸਫ਼ਰ ਸ਼ਾਮਿਲ ਹੈ, ਤਾਂ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ। ਜੇ ਤੁਹਾਡਾ ਕੋਈ ਕਾਰਣ ਨਹੀਂ ਹੈ, ਤਾਂ ਤੁਸੀਂ ਅਗਾਊਂ ਡਾਕ ਵੋਟ-ਪਰਚੀ ਲਈ ਬੇਨਤੀ ਕਰ ਸਕਦੇ ਹੋ।

ਆਪਣੀ ਵੋਟ-ਪਰਚੀ ਦੀ ਔਨਲਾਈਨ ਬੇਨਤੀ ਕਰਨ ਜਾਂ ਚੋਣ ਬੋਰਡ (Board of Elections, BOE) ਨੂੰ ਡਾਕ ਰਾਹੀਂ ਤੁਹਾਡੀ ਬੇਨਤੀ ਮਿਲਣ ਦੀ ਅੰਤਮ-ਤਾਰੀਖ਼ **26 ਅਕਤੂਬਰ** ਹੈ। ਜੇ ਤੁਹਾਡਾ ਪਲਾਨ ਇਸ ਦੀ ਵਰਤੋਂ ਕਰਨ ਦਾ ਹੈ, ਤਾਂ ਸਿਰਫ਼ ਡਾਕ ਵੋਟ-ਪਰਚੀ ਲਈ ਬੇਨਤੀ ਕਰੋ। ਸਟੇਟ ਦੇ ਨਵੇਂ ਕਾਨੂੰਨ ਕਰਕੇ, ਜੇ ਤੁਸੀਂ ਡਾਕ ਵੋਟ-ਪਰਚੀ ਦੀ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ।

**ਡਾਕ ਵੋਟ-ਪਰਚੀ ਰਾਹੀਂ ਆਪਣੀ ਵੋਟ ਦੀ ਬੇਨਤੀ ਕਿਵੇਂ ਕਰੋ:**

- **requestballot.vote.nyc** 'ਤੇ ਜਾਓ।
- ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ NYC ਚੋਣ ਬੋਰਡ ਨੂੰ **866-VOTE-NYC (866-868-3692)** ਜਾਂ **TTY 212-487-5496** 'ਤੇ ਕਾੱਲ ਕਰੋ।
- ਆਪਣੇ ਸਥਾਨਕ NYC ਚੋਣ ਬੋਰਡ ਵਿਖੇ ਜਾਓ ਦਫ਼ਤਰ। ਆਪ ਜਾ ਕੇ ਆਪਣੀ ਵੋਟ-ਪਰਚੀ ਦੀ ਬੇਨਤੀ ਕਰਨ ਦੀ ਅੰਤਮ-ਤਾਰੀਖ਼ **4 ਨਵੰਬਰ** ਹੈ।

**ਜੇ ਤੁਹਾਨੂੰ ਘੱਟ ਦਿਸਦਾ ਹੈ ਜਾਂ ਅਸਮਰੱਥਾ (ਅਪੰਗਤਾ) ਹੈ।**

ਸਕ੍ਰੀਨ ਰੀਡਰ ਰਾਹੀਂ ਆਪਣੀ ਵੋਟ-ਪਰਚੀ ਪੜ੍ਹਣ ਲਈ, ਤੁਸੀਂ **requestballot.vote.nyc/accessibility** 'ਤੇ ਜਾਂ ਉੱਪਰ ਦਿੱਤੇ ਨੰਬਰ 'ਤੇ ਕਾੱਲ ਕਰਕੇ ਪਹੁੰਚਯੋਗ ਗੈਰਹਾਜ਼ਰ ਵੋਟ-ਪਰਚੀ ਲਈ ਬੇਨਤੀ ਕਰ ਸਕਦੇ ਹੋ।

ਜੇ ਤੁਸੀਂ ਸਥਾਈ ਤੌਰ 'ਤੇ ਬਿਮਾਰ ਜਾਂ ਅਸਮਰੱਥ (ਅਪੰਗ) ਹੋ, ਤਾਂ ਤੁਸੀਂ ਮੁੜ-ਅਪਲਾਈ ਕਰਨ ਦੀ ਲੋੜ ਤੋਂ ਬਿਨਾ ਹਰ ਚੋਣ ਲਈ ਗੈਰਹਾਜ਼ਰ ਬੈਲਟ ਪ੍ਰਾਪਤ ਕਰ ਸਕਦੇ ਹੋ। ਆਪਣੀ ਕਾਉਂਟੀ ਦੇ ਚੋਣ ਬੋਰਡ ਕੋਲ ਇੱਕ ਅਰਜ਼ੀ ਦਾਇਰ ਕਰੋ, ਜਿਸ ਵਿੱਚ ਆਪਣੇ ਕਾਰਣ ਵਜੋਂ ਸਥਾਈ ਬਿਮਾਰੀ ਜਾਂ ਸਰੀਰਕ ਅਸਮਰੱਥਾ (ਅਪੰਗਤਾ) ਬਾਰੇ ਦੱਸਿਆ ਗਿਆ ਹੋਵੇ

**ਆਪਣੀ ਵੋਟ-ਪਰਚੀ ਟ੍ਰੈਕ ਕਰਨੀ**

ਤੁਸੀਂ **requestballot.vote.nyc/tracking** 'ਤੇ NYC ਚੋਣ ਬੋਰਡ ਤੋਂ ਆਪਣੀ ਵੋਟ ਪਰਚੀ ਦਾ ਪਤਾ ਲਾ ਸਕਦੇ ਹੋ।

## ਅਗਾਊਂ ਵੋਟ ਪਾਓ

**ਤੁਸੀਂ ਚੋਣ ਦਿਹਾੜੇ ਤੋਂ ਪਹਿਲਾਂ ਆਪ ਜਾਕੇ ਅਗਾਊਂ ਵੋਟ ਪਾ ਸਕਦੇ ਹੋ!**

**ਕੀ ਪਤਾ ਹੋਣਾ ਚਾਹੀਦਾ ਹੈ**

- ਅਗਾਊਂ ਵੋਟਿੰਗ ਦੀਆਂ ਵੋਟਾਂ ਪੈਣ ਦੀਆਂ ਥਾਵਾਂ ਅਤੇ ਚੋਣ ਦਿਹਾੜੇ ਦੀਆਂ ਵੋਟਾਂ ਪੈਣ ਦੀਆਂ ਥਾਵਾਂ ਆਮ ਤੌਰ 'ਤੇ ਵੱਖ ਹੁੰਦੀਆਂ ਹਨ।
- ਰੋਜ਼ ਸਮੇਂ ਅਲੱਗ-ਅਲੱਗ ਹੁੰਦੇ ਹਨ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਆਪਣੀ ਵੋਟਾਂ ਪੈਣ ਦੀ ਥਾਂ ਪੁਸ਼ਟੀ ਕਰਨਾ ਯਕੀਨੀ ਬਣਾਓ।

**ਅਗਾਊਂ ਵੋਟਿੰਗ ਦੀਆਂ ਤਾਰੀਖ਼ਾਂ**

ਸ਼ਨਿਚਰਵਾਰ, **26 ਅਕਤੂਬਰ** ਤੋਂ ਐਤਵਾਰ, **3 ਨਵੰਬਰ** ਤੱਕ। ਸੋਮਵਾਰ, **4 ਨਵੰਬਰ** ਨੂੰ ਕੋਈ ਅਗਾਊਂ ਵੋਟਿੰਗ ਨਹੀਂ ਹੋਏਗੀ।

## ਚੋਣ ਦਿਹਾੜਾ

ਚੋਣ ਦਿਹਾੜੇ 'ਤੇ ਵੋਟਾਂ **5 ਨਵੰਬਰ** ਨੂੰ ਸਵੇਰੇ 6:00 ਵਜੇ ਤੋਂ ਰਾਤੀਂ 9:00 ਵਜੇ ਤੱਕ ਪੈਣੀਆਂ ਹਨ। ਤੁਹਾਨੂੰ ਆਪਣੀ ਮਿੱਥੀ ਹੋਈ ਵੋਟਾਂ ਪੈਣ ਦੀ ਥਾਂ 'ਤੇ ਹੀ ਵੋਟ ਪਾਉਣੀ ਚਾਹੀਦੀ ਹੈ।

**ਵੋਟਾਂ ਪੈਣ ਦੀਆਂ ਥਾਵਾਂ ਬਦਲ ਸਕਦੀਆਂ ਹਨ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਪਤਾ ਲਾਉਣਾ ਯਕੀਨੀ ਬਣਾਓ!**

# ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ

## ਪਹੁੰਚਣ ਵੇਲੇ ਚੈਕ ਇਨ ਕਰੋ

ਜਦੋਂ ਤੁਸੀਂ ਅੰਦਰ ਜਾਂਦੇ ਹੋ, ਤਾਂ ਇੱਕ ਚੋਣ ਵਰਕਰ ਤੁਹਾਨੂੰ ਦਰਸਾਏਗਾ ਕਿ ਤੁਸੀਂ ਕਿੱਥੇ ਸਾਈਨ ਇਨ ਕਰਨਾ ਹੈ। ਉਹ ਤੁਹਾਡੇ ਬਾਰੇ ਰਜਿਸਟਰਡ ਵੋਟਰਾਂ ਦੀ ਸੂਚੀ ਵਿੱਚ ਵੇਖੇਗਾ ਅਤੇ ਤੁਹਾਨੂੰ ਵੋਟ-ਪਰਚੀ ਸੌਂਪਣ ਤੋਂ ਪਹਿਲਾਂ ਤੁਹਾਡੇ ਦਸਤਖ਼ਤ ਦੀ ਜਾਂਚ ਕਰੇਗਾ।

**ਸੁਝਾਅ: ਜੇ ਤੁਹਾਨੂੰ ਚੋਣ ਬੋਰਡ ਡਾਕ ਰਾਹੀਂ Fast Pass ਮਿਲਦਾ ਹੈ, ਤਾਂ ਤੇਜ਼ੀ ਨਾਲ ਚੈਕ ਇਨ ਕਰਨ ਲਈ ਇਸ ਨੂੰ ਆਪਣੇ ਨਾਲ ਲਿਆਓ!**

* ਵੋਟ ਪਾਉਣ ਲਈ ਤੁਹਾਨੂੰ ID ਵਿਖਾਉਣ ਦੀ ਲੋੜ ਨਹੀਂ ਹੈ, ਜਦ ਤੱਕ ਕਿ ਤੁਸੀਂ ਪਹਿਲੀ ਵਾਰੀ ਦੇ ਵੋਟਰ ਹੋ, ਜਿਸਨੇ ਵੋਟ ਪਾਉਣ ਲਈ ਰਜਿਸਟਰ ਕਰਨ ਵੇਲੇ ਮੋਟਰ-ਗੱਡੀਆਂ ਬਾਰੇ ਵਿਭਾਗ (DMW) ਜਾਂ ਸੋਸ਼ਲ ਸਿਕਿਓਰਿਟੀ ਨੰਬਰ ਨਹੀਂ ਵਿਖਾਇਆ ਸੀ।

## ਆਪਣੀ ਵੋਟ-ਪਰਚੀ ਭਰੋ

ਆਪਣੀ ਪਸੰਦ ਦੇ ਬਿਲਕੁਲ ਸਾਹਮਣੇ ਅੰਡਾਕਾਰ ਥਾਂ ਪੂਰੀ ਤਰ੍ਹਾਂ ਭਰਕੇ ਆਪਣੀ ਵੋਟ-ਪਰਚੀ 'ਤੇ ਨਿਸ਼ਾਨ ਲਾਓ।

ਜੇ ਤੁਹਾਡੇ ਤੋਂ ਕੋਈ ਗ਼ਲਤੀ ਹੋ ਗਈ ਹੈ ਜਾਂ ਆਪਣੀ ਵੋਟ-ਪਰਚੀ ਬਾਰੇ ਸੁਆਲ ਹੈ, ਤਾਂ ਤੁਸੀਂ ਮਦਦ ਲਈ ਪੋਲ ਵਰਕਰ ਨੂੰ ਪੁੱਛ ਸਕਦੇ ਹੋ!

* ਆਪਣੀ ਵੋਟ-ਪਰਚੀ ਦੇ ਦੋਹਾਂ ਪਾਸੇ ਨਿਸ਼ਾਨ ਲਾਉਣਾ ਯਾਦ ਰੱਖੋ, ਤਾਂ ਜੋ ਤੁਹਾਡੇ ਤੋਂ ਕੁਝ ਖੁੰਝ ਨਾ ਜਾਏ।

## ਆਪਣੀ ਵੋਟ-ਪਰਚੀ ਸਕੈਨ ਕਰੋ

ਤੁਹਾਡੀ ਵੋਟ-ਪਰਚੀ ਭਰਦਿਆਂ ਸਾਰ ਹੀ, ਸਕੈਨਰ ਵਿੱਚ ਤੁਹਾਡੀ ਵੋਟ-ਪਰਚੀ ਪਾਉਣ ਲਈ ਇੱਕ ਪੋਲ ਵਰਕਰ ਤੁਹਾਡੀ ਮਦਦ ਕਰੇਗਾ। ਤੁਹਾਡੀ ਵੋਟ ਅੰਦਰ ਜਾਣ 'ਤੇ ਸਕੈਨਰ ਤੁਹਾਨੂੰ ਦੱਸੇਗਾ।

## ਆਪਣਾ ਸਟਿੱਕਰ ਪ੍ਰਾਪਤ ਕਰੋ

ਆਪਣਾ ਸਟਿੱਕਰ ਲਓ! ਇਸ ਨੂੰ ਲਾਓ, ਦਰਸਾਓ ਅਤੇ ਯਕੀਨੀ ਬਣਾਓ ਕਿ ਤੁਹਾਡੇ ਦੋਸਤ ਅਤੇ ਪਰਿਵਾਰ ਦੀ ਵੋਟ ਪਾਉਣ ਦਾ ਪਲਾਨ ਬਣਾ ਰਿਹਾ ਹੈ।

# ਇੱਕ ਵੋਟਰ ਦੇ ਤੌਰ 'ਤੇ ਮੇਰੇ ਕੀ ਹੱਕ ਹਨ?

## ਆਮ ਚੋਣ ਵਿੱਚ ਤੁਹਾਨੂੰ ਵੋਟ ਕਰਨ ਦਾ ਹੱਕ ਹੈ, ਜੇ:

- ਤੁਸੀਂ NYC ਵਿੱਚ ਰਜਿਸਟਰਡ ਵੋਟਰ ਹੋ।
- ਤੁਹਾਡੀ ਉਮਰ ਘੱਟੋ-ਘੱਟ 18 ਸਾਲ ਹੈ ਅਤੇ ਅਮਰੀਕੀ ਨਾਗਰਿਕ ਹੋ।
- ਬੰਦ ਹੋਣ ਸਮੇਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਾਈਨ ਵਿੱਚ ਹੋ।

## ਕਿਸੇ ਵੀ ਚੋਣ ਵਿੱਚ ਤੁਹਾਨੂੰ ਹੇਠਾਂ ਦਿੱਤੇ ਹੱਕ ਹਨ:

- ਜੇ ਤੁਹਾਨੂੰ ਭਾਸ਼ਾ ਵਿੱਚ ਮਦਦ ਦੀ ਲੋੜ ਹੈ, ਤਾਂ ਮਦਦ ਲਈ ਇੱਕ ਚੋਣ ਵਰਕਰ ਜਾਂ ਦੁਭਾਸ਼ੀਏ ਲਈ ਪੁੱਛੋ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ ਦੁਭਾਸੀਆ ਬਾਰੇ ਹੋਰ ਜਾਣਕਾਰੀ ਲਈ **866-VOTE-NYC (866-868-3692)** ਜਾਂ **TTY 212-487-5496** 'ਤੇ ਕਾੱਲ ਕਰੋ।
- ਵੋਟ ਪਾਉਣ ਵਿੱਚ ਮਦਦ ਲਈ ਆਪਣੇ ਨਾਲ (ਆਪਣੇ ਰੋਜ਼ਗਾਰਦਾਤਾ ਜਾਂ ਯੂਨੀਅਨ ਦੇ ਨੁਮਾਇੰਦੇ ਨੂੰ ਛੱਡਕੇ) ਕਿਸੇ ਨੂੰ ਲਿਆਓ।
- ਇਸ ਵੋਟਰ ਗਾਈਡ ਸਮੇਤ ਆਪਣੇ ਨਾਲ ਸਮਗ੍ਰੀਆਂ ਲਿਆਓ।
- ਭਾਵੇਂ ਵੋਟਿੰਗ ਮਸ਼ੀਨ ਟੁੱਟੀ ਹੋਈ ਹੈ, ਫਿਰ ਵੀ ਵੋਟ ਪਾਓ।
- ਜੇ ਤੁਹਾਡੀ ਵੋਟਰ ਵੋਟਾਂ ਪੈਣ ਦੀ ਥਾਂ ਦੀ ਸੂਚੀ ਵਿੱਚ ਤੁਹਾਡਾ ਨਾਂ ਨਹੀਂ ਹੈ, ਤਾਂ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਓ।
- ਪਹੁੰਚਯੋਗ ਪੋਲਿੰਗ ਥਾਂ ਉਹ ਹੈ, ਜਿੱਥੇ ਕੋਈ ਸਰੀਰਕ ਅੜਿੱਕੇ ਨਾ ਹੋਣ।
- ਆਪਣੀ ਵੋਟ-ਪਰਚੀ ਲਈ ਪਹੁੰਚਯੋਗ ਵੋਟ ਪਾਉਣੀ ਮਸ਼ੀਨ ਦੀ ਵਰਤੋਂ ਕਰੋ।
- ਆਪਣੀ ਸਮਰੱਥਾ ਜਾਂ ਅਸਮਰੱਥਾ (ਅਪੰਗਤਾ) ਦੀ ਪਰਵਾਹ ਕੀਤੇ ਬਿਨਾ ਵੋਟ ਪਾਓ।

## ਫ਼ੌਜਦਾਰੀ ਜਾਂ ਸੰਗੀਨ ਜੁਰਮ ਦੀ ਸਜ਼ਾ ਵਾਲੇ ਲੋਕਾਂ ਲਈ ਵੋਟਿੰਗ ਦੇ ਹੱਕ:

- ਛੋਟੇ ਜੁਰਮ ਅਤੇ ਸਜ਼ਾ ਦੀ ਉਲੰਘਣਾ ਤੁਹਾਨੂੰ ਵੋਟ ਪਾਉਣ ਤੋਂ ਨਹੀਂ ਰੋਕਦੀ, ਭਾਵੇਂ ਤੁਸੀਂ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹੋ।
- ਜੇ ਇਸ ਸਮੇਂ ਤੁਸੀਂ ਸੰਗੀਨ ਜੁਰਮ ਦੀ ਸਜ਼ਾ ਕਰਕੇ ਜੇਲ੍ਹ ਵਿੱਚ ਬੰਦ ਹੋ, ਤਾਂ ਤੁਸੀਂ ਵੋਟ ਨਹੀਂ ਪਾ ਸਕਦੇ। ਹਾਲਾਂਕਿ, ਜੇ ਤੁਹਾਨੂੰ ਸੰਗੀਨ ਜੁਰਮ ਕਰਕੇ ਸਜ਼ਾ ਹੋਈ ਹੈ ਅਤੇ ਤੁਹਾਡੀ ਸਜ਼ਾ ਰੱਦ ਕਰ ਦਿੱਤੀ ਗਈ ਹੈ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਹਾਨੂੰ ਸੰਗੀਨ ਜੁਰਮ ਕਰਕੇ ਸਜ਼ਾ ਹੋਈ ਹੈ ਅਤੇ ਤੁਸੀਂ ਜੇਲ੍ਹ ਤੋਂ ਰਿਹਾ ਹੋ ਗਏ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ। ਹਾਲਾਂਕਿ, ਤੁਹਾਨੂੰ ਫਿਰ ਤੋਂ ਵੋਟ ਪਾਉਣ ਲਈ ਰਜਿਸਟਰ ਕਰਨਾ ਜ਼ਰੂਰੀ ਹੈ।
- ਜੇ ਤੁਹਾਨੂੰ ਫ਼ੈਡਰਲ ਵਿੱਚ ਸੰਗੀਨ ਜੁਰਮ ਜਾਂ ਕਿਸੇ ਹੋਰ ਸਟੇਟ ਵਿੱਚ ਸੰਗੀਨ ਜੁਰਮ ਦੀ ਸਜ਼ਾ ਹੋਈ ਹੈ, ਤਾਂ ਤੁਸੀਂ ਅਜੇ ਵੀ ਰਜਿਸਟਰ ਕਰ ਸਕਦੇ ਹੋ ਅਤੇ ਨਿਊਯਾਰਕ ਵਿੱਚ ਵੋਟ ਪਾ ਸਕਦੇ ਹੋ।
- ਜੇ ਤੁਸੀਂ ਇਸ ਸਮੇਂ ਪ੍ਰੋਬੇਸ਼ਨ ਜਾਂ ਪੈਰੋਲ 'ਤੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਸੀਂ ਇਸ ਸਮੇਂ ਦੁਰਵਿਹਾਰ ਸਬੰਧੀ ਜੁਰਮ ਬਦਲੇ ਜੇਲ੍ਹ ਵਿੱਚ ਹੋ ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।

## ਜੇ ਤੁਹਾਨੂੰ ਮਦਦ ਚਾਹੀਦੀ ਹੈ, ਕਿਸ ਨਾਲ ਸੰਪਰਕ ਕਰੋ:

- ਜੇ ਤੁਹਾਡੀ ਵੋਟਾਂ ਪੈਣ ਦੀ ਥਾਂ 'ਤੇ ਕੋਈ ਮਸਲਾ ਹੈ, ਤਾਂ ਪੋਲ ਵਰਕਰ ਨੂੰ ਦੱਸੋ ਜਾਂ **866-VOTE-NYC (866-868-3692)** ਜਾਂ **TTY 212-487-5496** 'ਤੇ NYC ਚੋਣ ਬੋਰਡ ਨਾਲ ਸੰਪਰਕ ਕਰੋ।
- ਜੇ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਸਿਖਲਾਈਪ੍ਰਾਪਤ ਚੋਣ ਪ੍ਰੋਟੈਕਸ਼ਨ ਵਾੱਲੰਟੀਅਰ ਨਾਲ ਗੱਲ ਕਰਨ ਲਈ ਚੋਣ ਪ੍ਰੋਟੈਕਸ਼ਨ ਹਾੱਟਲਾਈਨ ਨੂੰ **866-OUR-VOTE (866-687-8683)** 'ਤੇ ਕਾੱਲ ਕਰੋ ਅਤੇ ਮੁਫ਼ਤ ਕਾਨੂੰਨੀ ਮਦਦ ਲਓ।
- **(866) 390-2992** 'ਤੇ ਕਾੱਲ ਕਰਕੇ ਨਿਊਯਾਰਕ ਅਟਾਰਨੀ ਜਨਰਲ ਨਾਲ ਸ਼ਿਕਾਇਤ ਸਾਂਝੀ ਕਰੋ ਜਾਂ **ag.ny.gov/election-hotline** 'ਤੇ ਜਾਓ।

# ਪਹੁੰਚਯੋਗਤਾ

ਨਿਊਯਾਰਕ ਦੇ ਹਰ ਇੱਕ ਵੋਟਰ ਨੂੰ ਵੋਟ-ਪਰਚੀ ਪਾਉਣ ਦਾ ਹੱਕ ਹੈ। ਜੇ ਤੁਹਾਨੂੰ ਅਸਮਰੱਥਾ (ਅਪੰਗਤਾ) ਜਾਂ ਅੰਗਰੇਜ਼ੀ ਦੀ ਸੀਮਤ ਮੁਹਾਰਤ ਕਰਕੇ ਆਪਣੀ ਵੋਟ-ਪਰਚੀ ਭਰਨ ਵਾਸਤੇ ਮਦਦ ਦੀ ਲੋੜ ਹੈ, ਤਾਂ ਸਹਾਇਤਾ ਉਪਲਬਧ ਹੈ।

## ਪਹੁੰਚਯੋਗ ਗੈਰਹਾਜ਼ਰ ਬੈਲਟ

ਜੇ ਤੁਹਾਨੂੰ ਦਿਸਦਾ ਨਹੀਂ ਹੈ ਜਾਂ ਤੁਸੀਂ ਵੋਟ-ਪਰਚੀ 'ਤੇ ਨਿਸ਼ਾਨ ਨਹੀਂ ਲਾ ਸਕਦੇ, ਤਾਂ ਤੁਸੀਂ ਅਜੇ ਵੀ ਡਾਕ ਰਾਹੀਂ ਵੋਟ ਪਾ ਸਕਦੇ ਹੋ। ਤੁਸੀਂ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ, ਜਿਸ ਨੂੰ ਸਕ੍ਰੀਨ ਰੀਡਰ ਰਾਹੀਂ ਜਾਂ ਕੰਪਿਉਟਰ ਦੀ ਵਰਤੋਂ ਭਰਕੇ ਪੜ੍ਹਿਆ ਜਾ ਸਕਦਾ ਹੈ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ ਪਹੁੰਚਯੋਗ ਗੈਰਹਾਜ਼ਰ ਬੈਲਟ ਵਾਸਤੇ ਬੇਨਤੀ ਕਰਨ ਲਈ: **nycabsentee.com/accessibility** 'ਤੇ ਜਾਓ: ਜਾਂ **866-VOTE-NYC (866-868-3692)** ਜਾਂ **TTY 212-487-5496** 'ਤੇ ਕਾੱਲ ਕਰੋ।

## ਭਾਸ਼ਾ ਅਤੇ ਦੁਭਾਸ਼ੀਆ ਸੇਵਾ

ਸ਼ਹਿਰ ਭਰ ਵਿੱਚ ਵੋਟਾਂ ਪੈਣ ਵਾਲੀਆਂ ਕਈ ਥਾਵਾਂ 'ਤੇ ਦੁਭਾਸ਼ੀਏ ਮਿਲਦੇ ਹਨ। ਤੁਹਾਨੂੰ ਆਪਣੇ ਨਾਲ ਕਿਸੇ ਨੂੰ ਲਿਆਉਣ ਦਾ ਹੱਕ ਹੈ, ਇਸ ਵਿੱਚ ਤੁਹਾਨੂੰ ਤੁਹਾਡੀ ਵੋਟ-ਪਰਚੀ ਬਾਰੇ ਸਮਝਣ ਵਿੱਚ ਮਦਦ ਲਈ ਪਰਿਵਾਰ ਦਾ ਮੈਂਬਰ, ਦੋਸਤ ਜਾਂ ਦੁਭਾਸੀਆ ਸ਼ਾਮਿਲ ਹੁੰਦਾ ਹੈ।

ਤੁਸੀਂ **punjabi.nycvotes.org/accessibility** 'ਤੇ ਪਤਾ ਲਾ ਸਕਦੇ ਹੋ ਕਿ ਵੋਟਾਂ ਪੈਣ ਦੀਆਂ ਕਿਹੜੀਆਂ ਥਾਵਾਂ 'ਤੇ ਦੁਭਾਸ਼ੀਏ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਤੁਸੀਂ **866-VOTE-NYC (866-868-3692)** 'ਤੇ ਵੀ ਕਾੱਲ ਕਰ ਸਕਦੇ ਹੋ।


## ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲ਼ੀ ਡਿਵਾਈਸ

ਵੋਟਰਾਂ ਲਈ ਬਿਹਤਰ ਪਹੁੰਚਯੋਗਤਾ ਮੁਹੱਈਆ ਕਰਾਉਣ ਲਈ ਵੋਟਾਂ ਪੈਣ ਦੀਆਂ ਸਾਰੀਆਂ ਥਾਵਾਂ 'ਤੇ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲੇ ਡਿਵਾਈਸ (ballot marking devices, BMD) ਉਪਲਬਧ ਹਨ, ਇਹਨਾਂ ਵੋਟਰਾਂ ਵਿੱਚ ਨੇਤਰਹੀਣ, ਜਿਹਨਾਂ ਨੂੰ ਘੱਟ ਨਜ਼ਰ ਆਉਂਦਾ ਹੈ ਜਾਂ ਅਸਮਰੱਥਾ (ਅਪੰਗਤਾ) ਹਨ ਜਾਂ ਅਜਿਹੀ ਸਥਿਤੀ ਹੈ, ਜਿਸ ਕਰਕੇ ਉਹਨਾਂ ਨੂੰ ਪੈਨ ਨਾਲ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਿੱਚ ਮੁਸ਼ਕਿਲ ਜਾਂ ਦਿੱਕਤ ਹੁੰਦੀ ਹੈ, ਸ਼ਾਮਿਲ ਹਨ

ਜੇ ਤੁਸੀਂ BMD ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਸਿਰਫ਼ ਆਪਣੇ ਪੋਲ ਵਰਕਰ ਨੂੰ ਕਹੋ। ਡਿਸਪਲੇ ਸਕ੍ਰੀਨ 'ਤੇ ਵੋਟ-ਪਰਚੀ ਵੇਖਣ ਲਈ, ਤੁਸੀਂ ਇਸ ਦੀ ਵਰਤੋਂ ਕਰ ਸਕਦੇ ਹੋ, ਹੋਰਨਾਂ ਭਾਸ਼ਾਵਾਂ ਵਿੱਚ ਇਸ ਦੀ ਵਿਆਖਿਆ ਕਰ ਸਕਦੇ ਹੋ ਜਾਂ ਹੈਡਫੋਨ ਰਾਹੀਂ ਆਪਣੀ ਪਸੰਦ ਸੁਣ ਸਕਦੇ ਹੋ।

## ਡਿਵਾਈਸ ਤੁਹਾਡੀ ਵੋਟ-ਪਰਚੀ 'ਤੇ ਚਾਰ ਤਰ੍ਹਾਂ ਨਾਲ ਨਿਸ਼ਾਨ ਲਾਉਂਦੀ ਹੈ:


ਟੱਚ ਸਕ੍ਰੀਨ


ਕੀਪੈਡ (ਬ੍ਰੇਲ)


ਸਿਪ ਐਂਡ ਪਫ਼ ਡਿਵਾਈਸ


ਰਾੱਕਰ ਪੈਡਲ

- ਤੁਸੀਂ ਟੈਕਸਟ ਵੱਡੀ ਕਰਨ ਲਈ "ZOOM IN" (ਜ਼ੂਮ ਇਨ), ਟੈਕਸਟ ਨੂੰ ਵਾਪਸ ਮੂਲ ਅਕਾਰ ਵਿੱਚ ਲਿਆਉਣ ਲਈ "ZOOM OUT" (ਜ਼ੂਮ ਆਉਟ) ਜਾਂ ਵੋਟ-ਪਰਚੀ ਨੂੰ ਕਾਲੇ ਪਿਛੋਕੜ 'ਤੇ ਚਿੱਟੀ ਟੈਕਸਟ 'ਤੇ ਡਿਸਪਲੇ ਕਰਨ ਲਈ "HIGH CONTRAST" (ਹਾਈ ਕੰਟ੍ਰਾਸਟ) ਕਰ ਸਕਦੇ ਹੋ।
- ਤੁਸੀਂ ਹੈਡਫੋਨ 'ਤੇ ਆੱਡੀਓ ਨੂੰ ਫਿਰ ਤੋਂ ਸੁਣ ਸਕਦੇ ਹੋ ਅਤੇ ਇਸਦੀ ਸਪੀਡ ਅਤੇ ਮਾਤਰਾ ਨੂੰ ਸੈਟ ਕਰ ਸਕਦੇ ਹੋ।
- ਯਾਦ ਰੱਖੋ! ਜਦ ਤੱਕ ਤੁਸੀਂ ਨਿਸ਼ਾਨ ਲੱਗੀ ਵੋਟ-ਪਰਚੀ ਸਕੈਨਰ ਵਿੱਚ ਨਹੀਂ ਪਾਉਂਦੇ ਅਤੇ ਆਪਣੀ ਵੋਟ ਪਾ ਦਿੰਦੇ ਹੋ, ਤਾਂ ਤੁਹਾਡੀ ਚੋਣ ਅੰਤਮ ਨਹੀਂ ਮੰਨੀ ਜਾਂਦੀ।
- ਜੇ ਤੁਸੀਂ ਸਕੈਨਰ ਵਿੱਚ ਆਪਣੀ ਵੋਟ-ਪਰਚੀ ਅੰਦਰ ਕਰਨ ਲਈ ਮਦਦ ਚਾਹੁੰਦੇ ਹੋ, ਤਾਂ ਪੋਲ ਵਰਕਰ ਤੁਹਾਡੀ ਮਦਦ ਕਰੇਗਾ।

# ਸੈਂਪਲ ਵੋਟ-ਪਰਚੀ

ਸੈਂਪਲ ਵੋਟ-ਪਰਚੀ ਸਿਰਫ਼ ਡਿਸਪਲੇ ਲਈ ਹੈ। ਇਹ ਅਸਲ ਵੋਟ-ਪਰਚੀ ਨਹੀਂ ਹੈ ਅਤੇ ਇਸ ਨੂੰ ਭਰਨ ਨਾਲ ਹੀ ਤੁਹਾਡੀ ਵੋਟ ਨਹੀਂ ਗਿਣੀ ਜਾਏਗੀ।

| | | |
|---|---|---|
| **City Council** | ⬭ **Candidate A** Party 1 | ⬭ **Candidate B** Party 2 |
| **District Attorney** Bronx, Queens, Staten Island | ⬭ **Candidate A** Party 1 | ⬭ **Candidate B** Party 2 |
| **State Supreme Court** Manhattan, Bronx, Queens, Brooklyn | ⬭ **Candidate A** Party 1 | ⬭ **Candidate B** Party 2 |
| **Civil Court Judges** | ⬭ **Candidate A** Party 1 | ⬭ **Candidate B** Party 2 |
| **Surrogate's Court** Brooklyn | ⬭ **Candidate A** Party 1 | ⬭ **Candidate B** Party 2 |

## ਮੇਰੀ ਵੋਟ-ਪਰਚੀ 'ਤੇ ਪਸੰਦ

ਤਜਵੀਜ਼ਾਂ ਵਾਲੀ ਵੋਟ-ਪਰਚੀ ਬਾਰੇ ਜਾਣਦਿਆਂ ਸਾਰ ਹੀ, ਆਪਣੀ ਪਸੰਦ ਲਿਖਣ ਲਈ ਇਸ ਪੇਜ ਦੀ ਵਰਤੋਂ ਕਰੋ। ਤੁਸੀਂ ਆਪਣੀ ਵੋਟ-ਪਰਚੀ ਭਰਨ ਵੇਲੇ ਇਸ ਨੂੰ ਹਵਾਲੇ ਵਜੋਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਿਜਾ ਸਕਦੇ ਹੋ।

### ਤਜਵੀਜ਼ਾਂ ਵਾਲੀ ਵੋਟ-ਪਰਚੀ

| | | |
|---|---|---|
| ਤਜਵੀਜ਼ 1 | ⬭ ਹਾਂ | ⬭ ਨਹੀਂ |
| ਤਜਵੀਜ਼ 2 | ⬭ ਹਾਂ | ⬭ ਨਹੀਂ |
| ਤਜਵੀਜ਼ 3 | ⬭ ਹਾਂ | ⬭ ਨਹੀਂ |
| ਤਜਵੀਜ਼ 4 | ⬭ ਹਾਂ | ⬭ ਨਹੀਂ |
| ਤਜਵੀਜ਼ 5 | ⬭ ਹਾਂ | ⬭ ਨਹੀਂ |
| ਤਜਵੀਜ਼ 6 | ⬭ ਹਾਂ | ⬭ ਨਹੀਂ |

ਯਾਦ ਰੱਖੋ! ਤੁਹਾਡੀ ਪਾਰਟੀ ਅਤੇ ਜਿੱਥੇ ਤੁਸੀਂ ਰਹਿੰਦੇ ਹੋ, 'ਤੇ ਨਿਰਭਰ ਕਰਦਿਆਂ ਤੁਹਾਡੀ ਵੋਟ-ਪਰਚੀ 'ਤੇ ਹੋਰ ਦਫ਼ਤਰ ਹੋ ਸਕਦੇ ਹਨ।

ਤੁਸੀਂ **findmypollsite.vote.nyc** 'ਤੇ ਚੋਣ ਬੋਰਡ ਤੋਂ ਆਪਣੀ ਵੋਟ-ਪਰਚੀ ਦੇ ਸੈਂਪਲ ਦਾ ਜਾਇਜ਼ਾ ਲੈ ਸਕਦੇ ਹੋ।

# ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?

ਸਾਡੇ ਚੁਣੇ ਗਏ ਅਧਿਕਾਰੀ ਹਰ ਰੋਜ਼ ਅਜਿਹੇ ਨਿਰਣੇ ਲੈਂਦੇ ਹਨ ਜੋ ਨੌਕਰੀਆਂ, ਰਿਹਾਇਸ਼, ਸਿੱਖਿਆ, ਸਿਹਤ ਸੰਭਾਲ, ਅਤੇ ਹੋਰ ਗੱਲਾਂ ਨੂੰ ਪ੍ਰਭਾਵਿਤ ਕਰਦੇ ਹਨ। ਆਪਣੀ ਵੋਟ-ਪਰਚੀ 'ਤੇ ਦਿੱਤੇ ਦਫ਼ਤਰਾਂ ਬਾਰੇ ਹੋਰ ਜਾਣੋ।

ਉਮੀਦਵਾਰਾਂ ਬਾਰੇ ਹੋਰ ਜਾਣਨ ਲਈ **punjabi.nycvotes.org/candidates** 'ਤੇ ਜਾਓ।

## ਫ਼ੈਡਰਲ ਦਫ਼ਤਰ

### ਅਮਰੀਕੀ ਸੈਨੇਟ

ਇਹ ਸੈਨੇਟ ਅਮਰੀਕੀ ਕਾਂਗਰਸ ਦਾ ਉਪਰਲਾ ਚੈਂਬਰ ਹੈ। ਹਰ ਸਟੇਟ ਤੋਂ ਦੋ ਮੈਂਬਰਾਂ ਨਾਲ ਸੈਨੇਟ ਵਿੱਚ 100 ਮੈਂਬਰ ਹਨ। ਉਹ ਛੇ-ਸਾਲ ਦੀ ਮਿਆਦ ਲਈ ਸੇਵਾ ਦਿੰਦੇ ਹਨ।

ਸੈਨੇਟ ਅਤੇ ਸਭਾ ਵਿੱਚ ਵੋਟ ਪਾਸ ਹੋਣ ਨਾਲ ਬਿੱਲ ਇੱਕ ਕਾਨੂੰਨ ਬਣ ਜਾਂਦਾ ਹੈ ਅਤੇ ਇਸ 'ਤੇ ਰਾਸ਼ਟਰਪਤੀ ਵਲੋਂ ਦਸਤਖ਼ਤ ਕੀਤੇ ਜਾਂਦੇ ਹਨ।

- ਕਾਨੂੰਨ ਪਾਸ ਕਰਨ ਲਈ ਖਰੜਾ, ਬਹਿਸ ਅਤੇ ਵੋਟ ਪਾਉਣੀ।
- ਰਾਸ਼ਟਰਪਤੀ ਵਲੋਂ ਕੀਤੀਆਂ ਜਾਂਦੀਆਂ ਨਿਯੁਕਤੀਆਂ ਦੀ ਪੁਸ਼ਟੀ ਕਰਨੀ, ਜਿਵੇਂ ਕਿ ਕੈਬਿਨੇਟ ਦੇ ਮੈਂਬਰ, ਸੁਪਰੀਮ ਕੋਰਟ ਦੇ ਜਸਟਿਸ, ਅਤੇ ਫ਼ੈਡਰਲ ਜੱਜ।
- ਸਾਰੀਆਂ ਸਰਕਾਰੀ ਬ੍ਰਾਂਚਾਂ ਦੀ ਨਿਗਰਾਨੀ ਕਰਨੀ।

### ਅਮਰੀਕੀ ਪ੍ਰਤੀਨਿਧੀ ਸਭਾ

ਅਮਰੀਕੀ ਪ੍ਰਤੀਨਿਧੀ ਸਭਾ, ਅਮਰੀਕੀ ਕਾਂਗਰਸ ਦੀ ਹੇਠਲੀ ਚੈਂਬਰ ਹੈ। ਹਰ ਇੱਕ ਸਟੇਟ ਦੀ ਨੁਮਾਇੰਦਗੀ ਅਮਰੀਕੀ ਅਬਾਦੀ ਦੇ ਉਹਨਾਂ ਦੇ ਹਿੱਸੇ ਦੇ ਅਨੁਪਾਤ ਵਿੱਚ ਹੋਣ ਕਰਕੇ ਇਸ ਸਭਾ ਵਿੱਚ 435 ਮੈਂਬਰ ਹਨ। ਉਹ ਦੋ-ਸਾਲ ਦੀ ਮਿਆਦ ਲਈ ਸੇਵਾ ਦਿੰਦੇ ਹਨ।

ਸੈਨੇਟ ਅਤੇ ਸਭਾ ਵਿੱਚ ਵੋਟ ਪਾਸ ਹੋਣ ਨਾਲ ਬਿੱਲ ਇੱਕ ਕਾਨੂੰਨ ਬਣ ਜਾਂਦਾ ਹੈ ਅਤੇ ਇਸ 'ਤੇ ਰਾਸ਼ਟਰਪਤੀ ਵਲੋਂ ਦਸਤਖ਼ਤ ਕੀਤੇ ਜਾਂਦੇ ਹਨ।

- ਕਾਨੂੰਨ ਪਾਸ ਕਰਨ ਲਈ ਖਰੜਾ, ਬਹਿਸ ਅਤੇ ਵੋਟ ਪਾਉਣੀ।
- ਸਾਰੀਆਂ ਸਰਕਾਰੀ ਬ੍ਰਾਂਚਾਂ ਦੀ ਨਿਗਰਾਨੀ ਕਰਨੀ।

## ਸਟੇਟ ਦਫ਼ਤਰ

### ਸਟੇਟ ਸੈਨੇਟ

ਰਾਜ ਸੈਨੇਟ ਰਾਜ ਵਿਧਾਨ ਸਭਾ ਦਾ ਉਪਰਲਾ ਚੈਂਬਰ ਹੈ। ਇਸ ਵਿੱਚ 63 ਮੈਂਬਰ ਹੁੰਦੇ ਹਨ। ਸਟੇਟ ਸੈਨੇਟਰ ਮਿਆਦ ਦੀ ਸੀਮਾ ਤੋਂ ਬਿਨਾ ਦੋ-ਸਾਲ ਦੀ ਮਿਆਦ ਲਈ ਸੇਵਾ ਦਿੰਦੇ ਹਨ।

- ਕਾਨੂੰਨ ਬਾਰੇ ਲਿਖਦੇ ਹਨ ਅਤੇ ਵੋਟ ਪਾਉਂਦੇ ਹਨ।
- ਸਟੇਟ ਦੇ ਖ਼ਰਚੇ ਦੇ ਪੱਧਰਾਂ ਨੂੰ ਮੰਜ਼ੂਰੀ ਦਿੰਦੇ ਹਨ।
- ਗਵਰਨਰ ਦਾ ਵੀਟੋ ਬਹਾਲ ਰੱਖਦੇ ਹਨ ਜਾਂ ਉਸਨੂੰ ਰੱਦ ਕਰਦੇ ਹਨ।
- ਗਵਰਨਰ, ਸਟੇਟ ਦੇ ਅਧਿਕਾਰੀਆਂ ਅਤੇ ਅਦਾਲਤ ਦੇ ਜੱਜਾਂ ਦੀਆਂ ਨਿਯੁਕਤੀਆਂ ਦੀ ਪੁਸ਼ਟੀ ਕਰਦੇ ਹਨ।

### ਸਟੇਟ ਅਸੈਂਬਲੀ

ਰਾਜ ਵਿਧਾਨ ਸਭਾ ਸਟੇਟ ਵਿਧਾਨ-ਮੰਡਲ ਦਾ ਹੇਠਲਾ ਚੈਂਬਰ ਹੈ। ਇਸ ਵਿੱਚ 150 ਮੈਂਬਰ ਹੁੰਦੇ ਹਨ। ਮਿਆਦ ਦੀ ਸੀਮਾ ਤੋਂ ਬਿਨਾ ਮੈਂਬਰ ਦੋ-ਸਾਲ ਦੀ ਮਿਆਦ ਲਈ ਸੇਵਾ ਦਿੰਦੇ ਹਨ।

- ਕਾਨੂੰਨ ਬਾਰੇ ਲਿਖਦੇ ਹਨ ਅਤੇ ਵੋਟ ਪਾਉਂਦੇ ਹਨ।
- ਸਟੇਟ ਦੇ ਖ਼ਰਚੇ ਦੇ ਪੱਧਰਾਂ ਨੂੰ ਮੰਜ਼ੂਰੀ ਦਿੰਦੇ ਹਨ।
- ਗਵਰਨਰ ਦਾ ਵੀਟੋ ਬਹਾਲ ਰੱਖਦੇ ਹਨ ਜਾਂ ਉਸਨੂੰ ਰੱਦ ਕਰਦੇ ਹਨ।

## ਜੱਜ

### ਸਟੇਟ ਦੀ ਸੁਪਰੀਮ ਕੋਰਟ

ਸਟੇਟ ਸੁਪਰੀਮ ਕੋਰਟ ਦੇ ਜਸਟਿਸ ਆਪਣੀਆਂ ਡਿਸਟ੍ਰਿਕਟ ਦੇ ਅੰਦਰ ਵੱਡੇ ਸੰਗੀਨ ਜੁਰਮਾਂ ਅਤੇ ਦੀਵਾਨੀ ਮਾਮਲਿਆਂ ਦੀ ਨਿਗਰਾਨੀ ਕਰਦੇ ਹਨ। ਸੁਪਰੀਮ ਕੋਰਟ ਨਿਊਯਾਰਕ ਸਟੇਟ ਵਿੱਚ ਟ੍ਰਾਇਲ ਕੋਰਟ ਹੈ, ਕੋਰਟ ਆੱਫ਼ ਅਪੀਲਸ ਸਭ ਤੋਂ ਉੱਚੀ ਅਦਾਲਤ ਹੈ। ਇਹ ਜੱਜ 14-ਸਾਲ ਦੀ ਮਿਆਦ ਤੱਕ ਸੇਵਾ ਦਿੰਦੇ ਹਨ।

- ਤਲਾਕ, ਤੋੜ-ਵਿਛੋੜਾ ਅਤੇ ਰੱਦ ਕਰਨ ਦੀ ਕਾਰਵਾਈ ਦੀ ਪ੍ਰਧਾਨਗੀ ਕਰਦੇ ਹਨ।
- ਸੰਗੀਨ ਜੁਰਮਾਂ ਦੇ ਮੁਜਰਮਾਨਾਂ ਮੁਕੱਦਮਿਆਂ ਦੀ ਸੁਣਵਾਈ ਕਰਦੇ ਹਨ।
- $50,000 ਤੋਂ ਵੱਧ ਦੇ ਦੀਵਾਨੀ ਮਾਮਲਿਆਂ ਦਾ ਫ਼ੈਸਲਾ ਕਰਦੇ ਹਨ।

### ਸਿਵਿਲ ਅਦਾਲਤ - ਕਾਉਂਟੀ ਅਤੇ ਡਿਸਟ੍ਰਿਕਟ

ਸਿਵਿਲ ਅਦਾਲਤ ਦੇ ਜੱਜ ਕਾਉਂਟੀਆਂ ਜਾਂ ਡਿਸਟ੍ਰਿਕਟ ਦੀ ਨੁਮਾਇੰਦਗੀ ਕਰ ਸਕਦੇ ਹਨ, ਇਸ ਲਈ ਤੁਹਾਨੂੰ ਆਪਣੀ ਵੋਟ-ਪਰਚੀ 'ਤੇ ਸਿਵਿਲ ਅਦਾਲਤ ਦੇ ਇੱਕ ਜੱਜ ਨਾਲੋਂ ਵੱਧ ਜੱਜ ਨਜ਼ਰ ਆ ਸਕਦੇ ਹਨ। ਜੱਜ 10-ਸਾਲ ਦੀ ਮਿਆਦ ਲਈ ਚੁਣੇ ਜਾਂਦੇ ਹਨ ਕੇਸਾਂ ਦੀ ਸੁਣਵਾਈ ਕਰਦੇ ਹਨ, ਇਸ ਵਿੱਚ ਸ਼ਾਮਿਲ ਹੁੰਦੇ ਹਨ:

- $50,000 ਤੱਕ ਦੇ ਦੀਵਾਨੀ ਮਾਮਲੇ।
- ਮਕਾਨ-ਮਾਲਕ-ਕਿਰਾਏਦਾਰ ਸਬੰਧੀ ਮਾਮਲੇ ਅਤੇ ਰਿਹਾਇਸ਼ ਦੇ ਮਿਆਰਾਂ ਨਾਲ ਜੁੜੇ ਦੇਖਭਾਲ ਕਰਨ ਸਬੰਧੀ ਮਾਮਲੇ।
- ਦੁਰਵਿਹਾਰ ਸਬੰਧੀ ਮੁਜਰਮਾਨਾ ਮੁਕੱਦਮਾ।

### ਸਰੋਗੇਟ ਦੀ ਅਦਾਲਤ

ਸਰੋਗੇਟ ਦੀ ਅਦਾਲਤ ਕਾਉਂਟੀ ਦੇ ਜੱਜ ਵਸਨੀਕਾਂ ਦੀ ਮੌਤ ਤੋਂ ਬਾਅਦ, ਉਹਨਾਂ ਦੀ ਐਸਟੇਟ ਨਾਲ ਜੁੜੇ ਕੇਸਾਂ ਦਾ ਫ਼ੈਸਲਾ ਕਰਦੇ ਹਨ। ਉਹਨਾਂ ਦੀ ਸੇਵਾ ਦੀ ਮਿਆਦ 14 ਸਾਲ ਹੈ ਅਤੇ ਸੁਣਨ ਵਾਲੇ ਕੇਸਾਂ ਵਿੱਚ ਸ਼ਾਮਿਲ ਹਨ:

- ਮ੍ਰਿਤਕ ਸਬੰਧੀ ਮਾਮਲਿਆਂ ਨਾਲ ਜੁੜੇ ਕੇਸ, ਜਿਵੇਂ ਵਸੀਅਤ ਅਤੇ ਜਾਇਦਾਦ ਦਾ ਪ੍ਰਬੰਧ ਕਰਨਾ
- ਬੱਚਾ ਗੋਦ ਲੈਣਾ
- ਸਰਪ੍ਰਸਤੀ

# ਪਤਝੜ 2024 ਤਜਵੀਜ਼ਾਂ ਵਾਲੀ ਵੋਟ-ਪਰਚੀ

## ਤਜਵੀਜ਼ਾਂ ਵਾਲੀ ਵੋਟ-ਪਰਚੀ 1

## ਸਟੇਟ ਦੇ ਹੱਕਾਂ ਬਾਰੇ ਬਿੱਲ ਵਿੱਚ ਪੱਕੀ ਸੁਰੱਖਿਆ ਸ਼ਾਮਿਲ ਕਰਦੀ ਹੈ

### ਇਹ ਤਜਵੀਜ਼ ਵੋਟ-ਪਰਚੀ 'ਤੇ ਕਿਉਂ ਹੈ:

ਇਸ ਸਾਲ ਵੋਟ-ਪਰਚੀ 'ਤੇ ਤਜਵੀਜ ਵਾਲੀ ਵੋਟ-ਪਰਚੀ 1 ਹੈ, ਕਿਉਂਕਿ ਨਿਊਯਾਰਕ ਰਾਜ ਵਿਧਾਨ ਸਭਾ ਨੇ ਲਗਾਤਾਰ ਦੋ ਵਿਧਾਨਕਾਰੀ ਸੈਸ਼ਨਾਂ ਵਿੱਚ ਇੱਕੋ ਜਿਹੇ ਹੱਕਾਂ ਵਿੱਚ ਕੀਤੀ ਗਈ ਸੋਧ (Equal Rights Amendment, ERA) ਨੂੰ ਪਾਸ ਕੀਤਾ ਹੈ। ਹੁਣ ਇਹ ਗੱਲ ਨਿਊਯਾਰਕ ਦੇ ਵਸਨੀਕਾਂ 'ਤੇ ਹੈ ਕਿ ਉਹ ਰਾਜ ਦੇ ਸੰਵਿਧਾਨ ਵਿੱਚ ਸੋਧ ਕਰਨ ਲਈ ਸਿੱਧਿਆਂ ਵੋਟ ਪਾਉਣ ਜਾਂ ਨਹੀਂ।

### ਇਹ ਤਜਵੀਜ਼ ਕੀ ਦੱਸਦੀ ਹੈ:

ਰਾਜ ਦੇ ਸੰਵਿਧਾਨ ਵਿੱਚ ਪੱਖਪਾਤ-ਵਿਰੋਧੀ ਪ੍ਰਬੰਧਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਨਸਲੀ-ਮੂਲ, ਰਾਸ਼ਟਰੀ-ਮੂਲ, ਉਮਰ, ਅਸਮਰੱਥਾ (ਅਪੰਗਤਾ) ਅਤੇ ਲਿੰਗ, ਇਸ ਵਿੱਚ ਜਿਨਸੀ ਰੁਝਾਣ, ਲਿੰਗ-ਪਛਾਣ ਅਤੇ ਗਰਭ-ਅਵਸਥਾ ਸ਼ਾਮਿਲ ਹੈ, ਇਸਦੇ ਘੇਰੇ ਹੇਠ ਆਉਂਦੀ ਹੈ। ਇਸ ਦੇ ਘੇਰੇ ਹੇਠ ਬੱਚੇ ਦੀ ਪੈਦਾਇਸ਼ ਨਾਲ ਜੁੜੀ ਸਿਹਤ-ਸੰਭਾਲ ਅਤੇ ਨਿਜੀ-ਅਜ਼ਾਦੀ ਆਉਂਦੀ ਹੈ।

A "**ਹਾਂ**" ਵੋਟ ਨਾਲ ਨਿਊਯਾਰਕ ਸਟੇਟ ਦੇ ਸੰਵਿਧਾਨ ਵਿੱਚ ਪੱਖਪਾਤ-ਵਿਰੋਧੀ ਇਹ ਸੁਰੱਖਿਆਵਾਂ ਸ਼ਾਮਿਲ ਹੁੰਦੀਆਂ ਹਨ।

A "**ਨਹੀਂ**" ਵੋਟ ਨਾਲ ਸਟੇਟ ਦੇ ਸੰਵਿਧਾਨ ਵਿੱਚੋਂ ਇਹ ਸੁਰੱਖਿਆਵਾਂ ਛੱਡ ਦਿੱਤੀਆਂ ਜਾਂਦੀਆਂ ਹਨ।

### ਇਸ ਤਜਵੀਜ਼ ਦਾ ਕੀ ਮਤਲਬ ਹੈ:

ਇਹ ਤਜਵੀਜ਼ ਨਸਲੀ-ਮੂਲ, ਮੂਲ, ਉਮਰ, ਅਪੰਗਤਾ (ਅਸਮਰੱਥਾ) ਅਤੇ ਸੈਕਸ — ਇਸ ਵਿੱਚ ਜਿਨਸੀ ਰੁਝਾਨ, ਲਿੰਗ-ਪਛਾਣ, ਗਰਭ-ਅਵਸਥਾ ਅਤੇ ਗਰਭ-ਅਵਸਥਾ ਦੇ ਨਤੀਜੇ ਸ਼ਾਮਿਲ ਹਨ, ਦੇ ਅਧਾਰ 'ਤੇ ਪੱਖਪਾਤ ਕਰਨ ਦੀ ਮਨਾਹੀ ਲਈ ਹੱਕਾਂ ਬਾਰੇ ਰਾਜ ਦੇ ਸੰਵਿਧਾਨ ਦੇ ਬਿੱਲ ਵਿੱਚ ਸੁਰੱਖਿਆ ਨੂੰ ਸ਼ਾਮਿਲ ਕਰਦੀ ਹੈ। ਇਹ ਤਜਵੀਜ਼ ਨਿਊਯਾਰਕ ਦੇ ਉਹਨਾਂ ਵਸਨੀਕਾਂ ਦੀ ਵੀ ਰਾਖੀ ਕਰਦੀ ਹੈ, ਜੋ ਉਸ ਅਧਾਰ 'ਤੇ ਹੁੰਦੇ ਪੱਖਪਾਤ ਤੋਂ ਬੱਚੇ ਦੀ ਪੈਦਾਇਸ਼ ਨਾਲ ਜੁੜੀ ਸਿਹਤ-ਸੰਭਾਲ ਤੱਕ ਪਹੁੰਚ ਚਾਹੁੰਦੇ ਹਨ।

### ਜੇ ਇਹ ਤਜਵੀਜ਼ ਪਾਸ ਹੋ ਜਾਂਦੀ ਹੈ:

ਇਹਨਾਂ ਮਿਆਰਾਂ ਦੇ ਅਧਾਰ 'ਤੇ ਕਾਨੂੰਨ ਹੇਠ ਨਿਊਯਾਰਕ ਦੇ ਵਸਨੀਕਾਂ ਦੀ ਪੱਖਪਾਤ ਤੋਂ ਸੁਰੱਖਿਆ ਕੀਤੀ ਜਾਏਗੀ।

## ਵੋਟ-ਪਰਚੀ 'ਤੇ ਇਹ ਅਗਲੀਆਂ 5 ਤਜਵੀਜ਼ਾਂ ਕਿਉਂ ਹਨ:

2024 ਦੇ ਚਾਰਟਰ ਦੀ ਸੋਧ ਕਰਨ ਬਾਰੇ ਕਮਿਸ਼ਨ (Charter Revision Commission) ਨੇ ਜਾਇਜ਼ਾ ਲਿਆ ਹੈ ਕਿ ਨਿਊਯਾਰਕ ਸਿਟੀ ਚਾਰਟਰ ਨੇ ਨਿਊਯਾਰਕ ਦੇ ਸਾਰੇ ਵਸਨੀਕਾਂ ਲਈ ਆਪਣੀ ਕੁਸ਼ਲਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ ਲਈ ਪਬਲਿਕ ਸੁਣਵਾਈ ਕਰਨ ਅਤੇ ਲੋਕਾਂ ਦੀ ਰਾਇ ਲੈਣ ਲਈ ਉਹਨਾਂ ਤੱਕ ਪਹੁੰਚ ਕਰਨ ਦਾ ਪ੍ਰਬੰਧ ਕੀਤਾ ਗਿਆ ਸੀ ਅਤੇ ਹੇਠਾਂ ਸੁਝਾਈਆਂ ਗਈਆਂ ਪੰਜ ਤਬਦੀਲੀਆਂ ਪੇਸ਼ ਕੀਤੀਆਂ ਸੀ।

# ਤਜਵੀਜਾਂ ਵਾਲੀ ਵੋਟ-ਪਰਚੀ 2

# ਸਰਕਾਰੀ ਸੰਪਤੀ ਦੀ ਸਾਫ਼-ਸਫ਼ਾਈ ਕਰਨੀ

## ਇਹ ਤਜਵੀਜ਼ ਕੀ ਦੱਸਦੀ ਹੈ:

ਸੜਕਾਂ ਅਤੇ ਸ਼ਹਿਰ ਵਿਚਲੀ ਹੋਰ ਸੰਪਤੀ ਦੀ ਸਾਫ਼-ਸਫ਼ਾਈ ਅਤੇ ਕੰਟੇਨਰਾਂ ਵਿਚਲੇ ਕੂੜੇ-ਕਚਰੇ ਦਾ ਲੋੜੀਂਦਾ ਬੰਦੋਬਸਤ ਕਰਨ ਲਈ ਸਾਫ਼-ਸਫ਼ਾਈ ਬਾਰੇ ਵਿਭਾਗ ਦੇ ਅਖ਼ਤਿਆਰ ਦਾ ਪਸਾਰ ਅਤੇ ਸਪਸ਼ਟੀਕਰਣ ਲਈ ਇਹ ਤਜਵੀਜ਼ ਸਿਟੀ ਚਾਰਟਰ ਵਿੱਚ ਤਰਮੀਮ ਕਰੇਗੀ।

"**ਹਾਂ**" 'ਤੇ ਵੋਟਿੰਗ ਨਾਲ ਸੜਕਾਂ ਅਤੇ ਸ਼ਹਿਰ ਵਿਚਲੀ ਹੋਰ ਸੰਪਤੀ ਦੀ ਸਾਫ਼-ਸਫ਼ਾਈ ਅਤੇ ਕੰਟੇਨਰਾਂ ਵਿਚਲੇ ਕੂੜੇ-ਕਚਰੇ ਦਾ ਲੋੜੀਂਦਾ ਬੰਦੋਬਸਤ ਕਰਨ ਲਈ ਸਾਫ਼-ਸਫ਼ਾਈ ਬਾਰੇ ਵਿਭਾਗ ਦੇ ਅਖ਼ਤਿਆਰ ਦਾ ਪਸਾਰ ਅਤੇ ਸਪਸ਼ਟੀਕਰਣ ਕੀਤਾ ਜਾਏਗਾ। "**ਨਹੀਂ**" ਵੋਟਿੰਗ ਨਾਲ ਕਾਨੂੰਨ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ।

## ਇਸ ਤਜਵੀਜ਼ ਦਾ ਕੀ ਮਤਲਬ ਹੈ:

ਨਿਊਯਾਰਕ ਦੇ ਸਾਫ਼-ਸਫ਼ਾਈ ਬਾਰੇ ਵਿਭਾਗ (New York City Department of Sanitation, DSNY) ਨੂੰ ਸ਼ਹਿਰ ਵਿਚਲੀਆਂ ਸਾਰੀਆਂ ਸੰਪਤੀਆਂ ਨੂੰ ਸਾਫ਼-ਸੁਥਰਾ ਰੱਖਣ, ਇਸ ਵਿੱਚ ਪਾਰਕਾਂ ਅਤੇ ਹਾਈਵੇਅ ਦੇ ਵਿਚਕਾਰਲੇ ਹਿੱਸੇ ਸ਼ਾਮਿਲ ਹਨ ਅਤੇ ਉਹਨਾਂ ਥਾਵਾਂ 'ਤੇ ਨੇਮਾਂ ਦੀ ਪਾਲਣਾ ਕਰਨ ਲਈ ਸਟ੍ਰੀਟ ਵੈਂਡਰਾਂ ਨੂੰ ਜਵਾਬਦੇਹ ਬਣਾਉਣ ਲਈ ਵਿਭਾਗ ਨੂੰ ਵੱਧ ਅਖ਼ਤਿਆਰ ਦਿੱਤੇ ਜਾਣਗੇ। ਇਸ ਨਾਲ DSNY ਨੂੰ ਨਿਊਯਾਰਕ ਦੇ ਵਸਨੀਕਾਂ ਨੂੰ ਆਪਣਾ ਕੂੜਾ-ਕਚਰਾ ਇਕੱਠਾ ਕਰਕੇ ਬਾਹਰ ਕਿਵੇਂ ਰੱਖਣਾ ਚਾਹੀਦਾ ਹੈ, ਲਈ ਪਾਬੰਦ ਕਰਨ ਦੀ ਵੀ ਮੰਜ਼ੂਰੀ ਮਿਲ ਜਾਏਗੀ।

## ਜੇ ਇਹ ਤਜਵੀਜ਼ ਪਾਸ ਹੋ ਜਾਂਦੀ ਹੈ:

ਇਹ ਤਜਵੀਜ਼ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਅਤੇ ਕੂੜਾ-ਕਚਰਾ ਇਕੱਠਾ ਕਰਕੇ ਬਾਹਰ ਕਿਵੇਂ ਰੱਖਣਾ ਹੈ, ਬਾਰੇ ਨੇਮ ਬਣਾਉਣ ਦੇ DSNY ਦੇ ਅਖ਼ਤਿਆਰ ਅਤੇ ਅਧਿਕਾਰ-ਖੇਤਰ ਨੂੰ ਸਪਸ਼ਟ ਕਰੇਗੀ।

# ਤਜਵੀਜ਼ਾਂ ਵਾਲੀ ਵੋਟ-ਪਰਚੀ 3

# ਤਜਵੀਜ਼ਸ਼ੁਦਾ ਕਾਨੂੰਨਾਂ ਦੀ ਲਾਗਤ ਦੇ ਵਾਧੂ ਆਮਦਨ-ਖ਼ਰਚੇ ਦਾ ਅੰਦਾਜ਼ਾ ਲਾਉਣਾ ਅਤੇ ਬਜਟ ਦੀਆਂ ਅੰਤਮ-ਤਾਰੀਖ਼ਾਂ ਅਪਡੇਟ ਕਰਨੀਆਂ

## ਇਹ ਤਜਵੀਜ਼ ਕੀ ਦੱਸਦੀ ਹੈ:

ਇਹ ਤਜਵੀਜ਼, ਸੁਣਵਾਈ ਅਤੇ ਕਾਨੂੰਨਾਂ ਬਾਰੇ ਵੋਟਿੰਗ ਤੋਂ ਪਹਿਲਾਂ ਕੌਂਸਲ ਤੋਂ ਲੋੜੀਂਦੇ ਮਾਲੀ ਵਿਸ਼ਲੇਸ਼ਣ, ਮੇਅਰ ਵਲੋਂ ਮਾਲੀ ਵਿਸ਼ਲੇਸ਼ਣ ਨੂੰ ਅਖ਼ਤਿਆਰ ਦੇਣ ਅਤੇ ਬਜਟ ਦੀਆਂ ਅੰਤਮ ਤਾਰੀਖ਼ਾਂ ਨੂੰ ਅਪਡੇਟ ਕਰਨ ਲਈ ਸਿਟੀ ਚਾਰਟਰ ਵਿੱਚ ਤਰਮੀਮ ਕਰੇਗੀ।

"**ਹਾਂ**" ਵੋਟਿੰਗ ਨਾਲ ਸੁਣਵਾਈ ਅਤੇ ਕਾਨੂੰਨਾਂ ਬਾਰੇ ਵੋਟਿੰਗ ਤੋਂ ਪਹਿਲਾਂ ਲੋੜੀਂਦਾ ਵਾਧੂ ਮਾਲੀ ਵਿਸ਼ਲੇਸ਼ਣ ਅਤੇ ਬਜਟ ਦੀਆਂ ਅੰਤਮ-ਤਾਰੀਖ਼ਾਂ ਨੂੰ ਅਪਡੇਟ ਕਰਨ ਲਈ ਸਿਟੀ ਚਾਰਟਰ ਵਿੱਚ ਤਰਮੀਮ ਕੀਤੀ ਜਾਏਗੀ। "**ਨਹੀਂ**" ਵੋਟਿੰਗ ਨਾਲ ਕਾਨੂੰਨ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ।

## ਇਸ ਤਜਵੀਜ਼ ਦਾ ਕੀ ਮਤਲਬ ਹੈ:

ਸਿਟੀ ਕੌਂਸਲ ਤਜਵੀਜ਼ਸ਼ੁਦਾ ਕਾਨੂੰਨਾਂ ਦੀ ਲਾਗਤ ਦਾ ਅੰਦਾਜ਼ਾ ਮੁਹੱਈਆ ਕਰਾਉਣ ਤੋਂ ਪਹਿਲਾਂ ਉਹਨਾਂ ਬਾਰੇ ਵੋਟਿੰਗ ਕਰਾਉਂਦੀ ਹੈ। ਇਸ ਤਜਵੀਜ਼ ਨਾਲ ਪ੍ਰਬੰਧ ਕਰਨ ਅਤੇ ਬਜਟ ਬਾਰੇ ਮੇਅਰ ਦੇ ਦਫ਼ਤਰ (Mayor's Office of Management and Budget) ਨੂੰ ਤਜਵੀਜ਼ਸ਼ੁਦਾ ਕਾਨੂੰਨਾਂ ਲਈ ਆਪਣੀ ਖ਼ੁਦ ਦੀ ਲਾਗਤ ਦਾ ਅੰਦਾਜ਼ਾ ਮੁਹੱਈਆ ਕਰਨ ਦਾ ਮੌਕਾ ਮਿਲੇਗਾ ਅਤੇ ਤਜਵੀਜ਼ਸ਼ੁਦਾ ਕਾਨੂੰਨਾਂ ਬਾਰੇ ਪਬਲਿਕ ਸੁਣਵਾਈ ਤੋਂ ਪਹਿਲਾਂ ਕੌਂਸਲ ਨੂੰ ਆਪਣੀ ਲਾਗਤ ਦੇ ਅੰਦਾਜ਼ੇ ਛਪਵਾਉਣੇ ਪੈਂਦੇ ਹਨ। ਇਸ ਤਜਵੀਜ਼ ਹੇਠ ਕੌਂਸਲ ਨੂੰ ਤਜਵੀਜ਼ਸ਼ੁਦਾ ਕਾਨੂੰਨਾਂ ਬਾਰੇ ਪਬਲਿਕ ਸੁਣਵਾਈ ਕਰਾਉਣ ਜਾਂ ਵੋਟਾਂ ਤੋਂ ਪਹਿਲਾਂ ਮੇਅਰ ਦੇ ਦਫ਼ਤਰ ਨੂੰ ਰਸਮੀ ਤੌਰ 'ਤੇ ਦੱਸਣਾ ਪਏਗਾ। ਅਖ਼ੀਰ ਵਿੱਚ, ਇਹ ਤਜਵੀਜ਼ ਮੇਅਰ ਦੇ ਨਵੇਂ ਪ੍ਰਸ਼ਾਸਨ ਦੇ ਪਹਿਲੇ ਕੁਝ ਵਰ੍ਹਿਆਂ ਵਿੱਚ ਬਜਟ ਦੀਆਂ ਕੁਝ ਰਿਪੋਰਟਾਂ ਦੇ ਸਮੇਂ ਦੀ ਅੰਤਮ-ਤਾਰੀਖ਼ ਵਧਾਏਗੀ ਅਤੇ ਮੇਅਰ ਵਲੋਂ ਸਿਟੀ ਦਾ ਆਪਣਾ ਸਲਾਨਾ ਬਜਟ ਛਪਵਾਉਣ ਦੀ ਅੰਤਮ-ਤਾਰੀਖ਼ ਵਿੱਚ ਪੱਕੇ ਤੌਰ 'ਤੇ ਵਾਧਾ ਕਰੇਗੀ।

## ਜੇ ਇਹ ਤਜਵੀਜ਼ ਪਾਸ ਹੋ ਜਾਂਦੀ ਹੈ:

ਇਹ ਕਾਨੂੰਨ ਪਾਸ ਕਰਨ ਤੋਂ ਪਹਿਲਾਂ ਉਸਦੀ ਲਾਗਤ ਦਾ ਮੁਲਾਂਕਣ ਕਰਨ ਵਿੱਚ ਮੇਅਰ ਲਈ ਇੱਕ ਨਵੀਂ ਭੂਮਿਕਾ ਬਣਾਏਗਾ ਅਤੇ ਕੌਂਸਲ ਤੋਂ ਵੀ ਲਾਗਤ ਦਾ ਅੰਦਾਜ਼ਾ ਲੁਆਉਣਾ ਪਏਗਾ ਅਤੇ ਤਜਵੀਜ਼ਸ਼ੁਦਾ ਕਾਨੂੰਨਾਂ ਬਾਰੇ ਪਬਲਿਕ ਸੁਣਵਾਈ ਵਿੱਚ ਵਿਚਾਰੇ ਜਾਣ ਤੋਂ ਪਹਿਲਾਂ ਮੇਅਰ ਉਪਲਬਧ ਹੁੰਦੇ ਹਨ। ਇਸ ਨਾਲ ਇਸ ਨੂੰ ਸਿਟੀ ਕੌਂਸਲ ਸਾਹਮਣੇ ਪੇਸ਼ ਕਰਨ ਤੋਂ ਪਹਿਲਾਂ, ਸਿਟੀ ਦਾ ਸਲਾਨਾ ਬਜਟ ਤਿਆਰ ਕਰਨ ਲਈ ਮੇਅਰ ਨੂੰ ਕੁਝ ਹੋਰ ਸਮਾਂ ਮਿਲ ਜਾਏਗਾ।

# ਤਜਵੀਜ਼ਾਂ ਵਾਲੀ ਵੋਟ-ਪਰਚੀ 4

# ਜਨਤਕ ਸੁਰੱਖਿਆ ਕਾਨੂੰਨ ਬਾਰੇ ਵੋਟਿੰਗ ਤੋਂ ਪਹਿਲਾਂ ਹੋਰ ਨੋਟਿਸ ਅਤੇ ਸਮਾਂ

## ਇਹ ਤਜਵੀਜ਼ ਕੀ ਦੱਸਦੀ ਹੈ:

ਇਸ ਤਜਵੀਜ਼ ਦੀ ਪੁਲਿਸ, ਸੁਧਾਰ ਜਾਂ ਅੱਗ ਬੁਝਾਉਣ ਵਾਲੇ ਵਿਭਾਗਾਂ ਦੀਆਂ ਜਨਤਕ ਸੁਰੱਖਿਆ ਦੀਆਂ ਕਾਰਵਾਈਆਂ ਦਾ ਸਤਿਕਾਰ ਕਰਨ ਵਾਲੇ ਕਾਨੂੰਨਾਂ ਬਾਰੇ ਸਿਟੀ ਕੌਂਸਲ ਦੀ ਵੋਟਿੰਗ ਤੋਂ ਪਹਿਲਾਂ ਵਾਧੂ ਸਰਕਾਰੀ ਨੋਟਿਸ ਅਤੇ ਸਮੇਂ ਲਈ ਲੋੜ ਪਏਗੀ।

ਪੁਲਿਸ, ਸੁਧਾਰ ਜਾਂ ਅੱਗ ਬੁਝਾਉਣ ਵਾਲੇ ਵਿਭਾਗਾਂ ਦੀਆਂ ਜਨਤਕ ਸੁਰੱਖਿਆ ਦੀਆਂ ਕਾਰਵਾਈਆਂ ਦਾ ਸਤਿਕਾਰ ਕਰਨ ਵਾਲੇ ਕਾਨੂੰਨਾਂ ਬਾਰੇ ਕੌਂਸਲ ਦੀ ਵੋਟਿੰਗ ਤੋਂ ਪਹਿਲਾਂ ਵਾਧੂ ਨੋਟਿਸ ਅਤੇ ਸਮੇਂ ਲਈ "**ਹਾਂ**" ਵੋਟਿੰਗ ਦੀ ਲੋੜ ਪਏਗੀ। "**ਨਹੀਂ**" ਵੋਟਿੰਗ ਨਾਲ ਕਾਨੂੰਨ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ।

## ਇਸ ਤਜਵੀਜ਼ ਦਾ ਕੀ ਮਤਲਬ ਹੈ:

ਪੁਲਿਸ ਵਿਭਾਗ (Police Department), ਸੁਧਾਰ ਵਿਭਾਗ (Department of Correction) ਜਾਂ ਅੱਗ ਬੁਝਾਉਣ ਵਾਲੇ ਵਿਭਾਗ (Fire Department) 'ਤੇ ਅਸਰ ਪਾਉਣ ਵਾਲੇ ਜਨਤਕ ਸੁਰੱਖਿਆ ਕਾਨੂੰਨਾਂ ਬਾਰੇ ਵੋਟਿੰਗ ਕਰਨ ਤੋਂ ਪਹਿਲਾਂ ਕੌਂਸਲ ਨੂੰ 30 ਦਾ ਨੋਟਿਸ ਦੇਣਾ ਪਏਗਾ। ਇਸ ਸਮੇਂ ਦੌਰਾਨ, ਮੇਅਰ ਅਤੇ ਅਸਰ ਹੇਠਲੀਆਂ ਸਿਟੀ ਏਜੰਸੀਆਂ ਲੋਕਾਂ ਦੀ ਹੋਰ ਰਾਇ ਜਾਣਨ ਲਈ ਪਬਲਿਕ ਸੁਣਵਾਈਆਂ ਵੀ ਕਰ ਸਕਦੀਆਂ ਹਨ।

## ਜੇ ਇਹ ਤਜਵੀਜ਼ ਪਾਸ ਹੋ ਜਾਂਦੀ ਹੈ:

ਮੇਅਰ ਅਤੇ ਅਸਰ ਹੇਠਲੀਆਂ ਸਿਟੀ ਏਜੰਸੀਆਂ ਤਜਵੀਜ਼ ਬਾਰੇ ਜਨਤਕ ਸੁਣਵਾਈ ਕਰਨ ਲਈ 30-ਦਿਨ ਦੀ ਮਿਆਦ ਦੀ ਵਰਤੋਂ ਕਰ ਸਕਦੀਆਂ ਹਨ।

# ਤਜਵੀਜ਼ਾਂ ਵਾਲੀ ਵੋਟ-ਪਰਚੀ 5

# ਕੈਪੀਟਲ ਪਲਾਨਿੰਗ

## ਇਹ ਤਜਵੀਜ਼ ਕੀ ਦੱਸਦੀ ਹੈ:

ਇਹ ਤਜਵੀਜ਼, ਸਿਟੀ ਦੀਆਂ ਸਹੂਲਤਾਂ ਲਈ ਲੋੜੀਂਦਾ ਵੱਧ ਵੇਰਵੇ ਵਾਲਾ ਸਲਾਨਾ ਮੁਲਾਂਕਣ, ਉਹ ਫ਼ਰਮਾਨ, ਜਿਸ ਨਾਲ ਸਹੂਲਤ ਨੂੰ ਕੈਪੀਟਲ ਪਲਾਨਿੰਗ ਅਤੇ ਕੈਪੀਟਲ ਪਲਾਨਿੰਗ ਦੀਆਂ ਅੰਤਮ-ਤਾਰੀਖ਼ਾਂ ਅਪਡੇਟ ਕਰਨੀਆਂ ਪੈਂਦੀਆਂ ਹਨ, ਲਈ ਸਿਟੀ ਚਾਰਟਰ ਵਿੱਚ ਤਰਮੀਮ ਕਰੇਗੀ।

ਸਿਟੀ ਦੀਆਂ ਸਹੂਲਤਾਂ ਦੀਆਂ ਸਾਂਭ-ਸੰਭਾਲ ਦੀਆਂ ਜ਼ਰੂਰਤਾਂ ਦਾ ਮੁਲਾਂਕਣ ਕਰਨ ਵੇਲੇ, ਉਹ ਫ਼ਰਮਾਨ, ਜਿਸ ਲਈ ਸਹੂਲਤ ਨੂੰ ਕੈਪੀਟਲ ਪਲਾਨਿੰਗ ਅਤੇ ਕੈਪੀਟਲ ਪਲਾਨਿੰਗ ਦੀਆਂ ਅੰਤਮ-ਤਾਰੀਖ਼ਾਂ ਅਪਡੇਟ ਕਰਨ ਬਾਰੇ ਦੱਸਣਾ ਪੈਂਦਾ ਹੈ, ਵਾਸਤੇ "**ਹਾਂ**" ਵੋਟਿੰਗ ਲਈ ਹੋਰ ਵੇਰਵਿਆਂ ਦੀ ਲੋੜ ਪਏਗੀ। "**ਨਹੀਂ**" ਵੋਟਿੰਗ ਨਾਲ ਕਾਨੂੰਨ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ।

## ਇਸ ਤਜਵੀਜ਼ ਦਾ ਕੀ ਮਤਲਬ ਹੈ:

ਸਿਟੀ ਨੂੰ ਸ਼ਹਿਰ ਦੀਆਂ ਸਹੂਲਤਾਂ, ਬੁਨਿਆਦੀ ਢਾਂਚੇ ਅਤੇ ਪੂੰਜੀਕਾਰੀਆਂ ਦੇ ਰੱਖ-ਰਖਾਅ ਦੀ ਲਾਗਤ ਦਾ ਮੁਲਾਂਕਣ ਜ਼ਰੂਰ ਕਰਨਾ ਚਾਹੀਦਾ ਹੈ ਅਤੇ ਇਹਨਾਂ ਮੁਲਾਂਕਣਾਂ ਨੂੰ ਕੈਪੀਟਲ ਪਲਾਨਿੰਗ ਦੀਆਂ ਰਿਪੋਰਟਾਂ ਵਿੱਚ ਛਾਪਣਾ ਚਾਹੀਦਾ ਹੈ।

## ਜੇ ਇਹ ਤਜਵੀਜ਼ ਪਾਸ ਹੋ ਜਾਂਦੀ ਹੈ:

ਇਹ ਤਜਵੀਜ਼ ਸ਼ਹਿਰ ਦੀ ਸੰਪਤੀ ਲਈ ਰੱਖ-ਰਖਾਅ ਦੀਆਂ ਲਾਗਤਾਂ ਦਾ ਮੁਲਾਂਕਣ ਕਰਨ ਲਈ ਇਸਤੇਮਾਲ ਕੀਤੇ ਜਾਣ ਵਾਲੇ ਮਿਆਰਾਂ ਦਾ ਪਸਾਰ ਕਰੇਗੀ। ਇਹ ਤਜਵੀਜ਼ ਕੈਪੀਟਲ ਪਲਾਨਿੰਗ ਦੀਆਂ ਰਿਪੋਰਟਾਂ ਦੀ ਮਿੱਥੀ ਹੋਈ ਤਾਰੀਖ਼ ਅਤੇ ਸਬੰਧਿਤ ਪਬਲਿਕ ਸੁਣਵਾਈ ਦੀ ਤਾਰੀਖ਼ ਨੂੰ ਵੀ ਬਦਲ ਦਏਗੀ।

# ਤਜਵੀਜਾਂ ਵਾਲੀ ਵੋਟ-ਪਰਚੀ 6

# ਘੱਟ-ਗਿਣਤੀ ਅਤੇ ਔਰਤਾਂ ਦੀ ਮਾਲਕੀ ਵਾਲੇ ਕਾਰੋਬਾਰੀ ਐਂਟਰਪ੍ਰਾਈਜ਼ (Minority And Women-Owned Business Enterprises, MWBES), ਫ਼ਿਲਮਾਂ ਦੇ ਪਰਮਿਟ ਅਤੇ ਪੁਰਾਣੇ ਦਸਤਾਵੇਜ਼ਾਂ ਦਾ ਜਾਇਜ਼ਾ ਲੈਣ ਬਾਰੇ ਬੋਰਡ

## ਇਹ ਤਜਵੀਜ਼ ਕੀ ਦੱਸਦੀ ਹੈ:

ਇਹ ਤਜਵੀਜ਼, ਚੀਫ਼ ਬਿਜ਼ਨਸ ਡਾਇਵਰਸਿਟੀ ਅਫ਼ਸਰ (Chief Business Diversity Officer, CBDO) ਬਣਾਉਣ, ਮੇਅਰ ਨੂੰ ਫ਼ਿਲਮਾਂ ਦੇ ਪਰਮਿਟ ਜਾਰੀ ਕਰਨ ਅਤੇ ਪੁਰਾਣੇ ਦਸਤਾਵੇਜ਼ਾਂ ਵਾਲੇ ਬੋਰਡਾਂ ਨੂੰ ਇਕੱਠਿਆਂ ਕਰਨ ਵਾਲੇ ਦਫ਼ਤਰ ਬਣਾਉਣ ਦਾ ਅਖ਼ਤਿਆਰ ਦੇਣ ਲਈ ਸਿਟੀ ਚਾਰਟਰ ਵਿੱਚ ਤਰਮੀਮ ਕਰੇਗੀ।

"**ਹਾਂ**" ਵੋਟਿੰਗ ਨਾਲ MWBEs ਦੀ ਹਿਮਾਇਤ ਕਰਨ ਲਈ CBDO ਬਣਾਉਣ, ਮੇਅਰ ਨੂੰ ਫ਼ਿਲਮਾਂ ਦੇ ਪਰਮਿਟ ਜਾਰੀ ਕਰਨ ਅਤੇ ਦੋ ਬੋਰਡਾਂ ਨੂੰ ਇਕੱਠਿਆਂ ਕਰਨ ਵਾਲਾ ਦਫ਼ਤਰ ਬਣਾਉਣ ਦਾ ਅਖ਼ਤਿਆਰ ਮਿਲੇਗਾ। "**ਨਹੀਂ**" ਵੋਟਿੰਗ ਨਾਲ ਕਾਨੂੰਨ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ।

## ਇਸ ਤਜਵੀਜ਼ ਦਾ ਕੀ ਮਤਲਬ ਹੈ:

ਇਹ ਤਜਵੀਜ਼ MWBEs ਦੀ ਮਦਦ ਕਰਨ ਲਈ ਇੱਕ ਨਵੀਂ ਭੂਮਿਕਾ ਤਿਆਰ ਕਰੇਗੀ, ਇਸ ਨਾਲ ਮੇਅਰ ਨੂੰ ਇਹ ਤੈਅ ਕਰਨ ਦੀ ਮੰਜ਼ੂਰੀ ਮਿਲੇਗੀ ਕਿ ਕਿਹੜੀ ਏਜੰਸੀ ਫ਼ਿਲਮ ਪਰਮਿਟ ਜਾਰੀ ਕਰਦੀ ਹੈ ਅਤੇ ਸ਼ਹਿਰ ਦੇ ਰਿਕਾੱਰਡਾਂ ਦਾ ਪ੍ਰਬੰਧ ਕਰਨ ਵਾਲੇ ਦੋ ਬੋਰਡਾਂ ਨੂੰ ਇੱਕ ਕਰ ਸਕੇਗਾ।

## ਜੇ ਇਹ ਤਜਵੀਜ਼ ਪਾਸ ਹੋ ਜਾਂਦੀ ਹੈ:

ਇਸ ਤਜਵੀਜ਼ ਨਾਲ ਇਹ ਤਬਦੀਲੀਆਂ ਕਰਨ ਲਈ ਚਾਰਟਰ ਵਿੱਚ ਸੋਧ ਕਰਨੀ ਪਏਗੀ।

# NYC Votes ਬਾਰੇ

ਇੱਕ ਸੁਤੰਤਰ ਸਿਟੀ ਏਜੰਸੀ, ਨਿਊਯਾਰਕ ਸ਼ਹਿਰ ਦਾ ਚੋਣ-ਪ੍ਰਚਾਰ ਸਬੰਧੀ ਫ਼ਾਇਨਾਂਸ ਬੋਰਡ (Campaign Finance Board) ਹੈ, ਦੀ ਇੱਕ ਪਹਿਲ NYC Votes ਹੈ, ਜੋ ਸਥਾਨਕ ਚੋਣਾਂ ਨੂੰ ਨਿਰਪੱਖ, ਸਮੁੱਚੇ ਅਤੇ ਸਪਸ਼ਟ ਤਰੀਕੇ ਨਾਲ ਕਰਾਉਣ ਨੂੰ ਯਕੀਨੀ ਬਣਾਉਂਦੀ ਹੈ।

ਅਸੀਂ ਵੋਟਰਾਂ ਅਤੇ ਉਮੀਦਵਾਰਾਂ ਵਿਚਕਾਰ ਇੱਕੋ ਜਿਹੀ ਭਾਈਵਾਲੀ ਨੂੰ ਉਤਸਾਹ ਦਿੰਦੇ ਹਾਂ, ਤਾਂਜੋ ਸਾਡੇ ਚੁਣੇ ਗਏ ਅਧਿਕਾਰੀ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਦੀਆਂ ਜ਼ਰੂਰਤਾਂ ਹੱਲ ਕਰਨ ਅਤੇ ਵੋਟਰਾਂ ਦੇ ਮਸਲੇ ਸੁਲਝਾਉਣ।

ਇੰਜ ਅਸੀਂ ਨਿਊਯਾਰਕ ਦੇ ਵਸਨੀਕਾਂ, ਜਿਹਨਾਂ ਵਲੋਂ ਵੋਟ ਪਾਉਣ ਦੀ ਸੰਭਾਵਨਾ ਘੱਟ ਹੀ ਹੈ, ਨੂੰ ਮਜ਼ਬੂਤ ਕਰਨ ਲਈ ਕਰਦੇ ਹਾਂ, ਦਫ਼ਤਰ ਲਈ ਚੋਣ ਲੜਣ ਦੇ ਅੜਿੱਕਿਆਂ ਨੂੰ ਘੱਟ ਕਰਦੇ ਹਾਂ ਅਤੇ ਆਪਣੇ ਚੋਣ-ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਹੱਲ ਕੱਢਣ ਦੀ ਪੇਸ਼ਕਸ਼ ਕਰਦੇ ਹਾਂ। NYC Votes ਸ਼ਹਿਰ ਭਰ ਵਿਚਲੇ ਵੋਟਰਾਂ ਨੂੰ ਰਜਿਸਟਰ ਕਰਨ, ਸਿੱਖਿਅਤ ਕਰਨ ਅਤੇ ਸ਼ਾਮਿਲ ਕਰਨ ਲਈ ਭਾਈਚਾਰਕ ਸੰਸਥਾਵਾਂ, ਵਾੱਲੰਟੀਅਰਾਂ ਅਤੇ ਸ਼ਹਿਰ ਦੀਆਂ ਹੋਰਨਾਂ ਏਜੰਸੀਆਂ ਨਾਲ ਭਾਈਵਾਲੀ ਕਰਦੀ ਹੈ। ਸਾਡਾ ਉਦੇਸ, ਸਾਡੀਆਂ ਚੋਣਾਂ ਕਿਵੇਂ ਕੰਮ ਕਰਦੀਆਂ ਹਨ ਅਤੇ ਉਹ ਅਹਿਮ ਕਿਉਂ ਹਨ, ਇਸ ਬਾਰੇ ਦਿਆਨਤਦਾਰੀ ਨਾਲ ਵਿਚਾਰ-ਵਟਾਂਦਰਾ ਕਰਕੇ ਨਿਊਯਾਰਕ ਦੇ ਸਾਰੇ ਵਸਨੀਕਾਂ ਵਿਚਕਾਰ ਚੋਣ ਅਮਲ ਦੀ ਵੱਡੀ ਸਮਝ ਬਣਾਉਣੀ ਹੈ।

1988 ਵਿੱਚ ਸਥਾਪਿਤ ਕੀਤੀ ਗਈ ਏਜੰਸੀ, ਨਿਊਯਾਰਕ ਦੇ ਵਸਨੀਕਾਂ ਨੂੰ ਉਹਨਾਂ ਦੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਕਾਰੀ ਅਤੇ ਉਹਨਾਂ ਦੇ ਚੋਣ-ਪ੍ਰਚਾਰਾਂ ਲਈ ਰਕਮਾਂ ਕਿਵੇਂ ਮਿਲਦੀਆਂ ਹਨ, ਬਾਰੇ ਪੂਰੀ ਜਾਣਕਾਰੀ ਦਿੰਦੀ ਹੈ। ਸਾਡਾ ਮੈਚਿੰਗ ਫੰਡ ਪ੍ਰੋਗਰਾਮ ਸ਼ਹਿਰ ਦੀ ਫ਼ੰਡਿੰਗ ਦੇ $8 ਤੱਕ ਸਥਾਨਕ ਡੋਨਰ ਦੇ ਹਰ $1 ਨਾਲ ਮੇਲ ਖਾਂਦਾ ਹੈ, ਜਿਸ ਨਾਲ ਸ਼ਹਿਰ ਦੇ ਉਮੀਦਵਾਰਾਂ ਨੂੰ ਖ਼ਾਸ ਹਿੱਤਾਂ ਦੀ ਥਾਂ ਆਪਣੇ ਭਾਈਚਾਰਿਆਂ 'ਤੇ ਧਿਆਨ ਲਾਉਣ ਲਈ ਪ੍ਰੇਰਿਆ ਜਾਂਦਾ ਹੈ।

## ਮੈਚਿੰਗ ਫ਼ੰਡ ਪ੍ਰੋਗਰਾਮ

**ਜਿਹੜੇ ਸਥਾਨਕ ਉਮੀਦਵਾਰਾਂ ਦੀ ਤੁਸੀਂ ਹਿਮਾਇਤ ਕਰਦੇ ਹੋ, ਨੂੰ ਦਾਨ ਦਿਓ, ਤਾਂਜੋ ਉਹ ਸ਼ਹਿਰ ਭਰ ਵਿੱਚ ਅਸਰਦਾਰ ਚੋਣ-ਪ੍ਰਚਾਰ ਕਰ ਸਕਣ।**

ਤੁਹਾਡੇ ਦਾਨ ਨਾਲ ਉਮੀਦਵਾਰਾਂ ਨੂੰ ਸਟਾਫ਼ ਰੱਖਣ, ਚੋਣ-ਪ੍ਰਚਾਰ ਦੀ ਸਮਗ੍ਰੀ ਤਿਆਰ ਕਰਨ ਅਤੇ ਤੁਹਾਡੇ ਭਾਈਚਾਰੇ ਵਿਚਲੇ ਵੱਧ ਵੋਟਰਾਂ ਤੱਕ ਪਹੁੰਚਣ ਵਿੱਚ ਮਦਦ ਮਿਲੇਗੀ। ਤੁਹਾਡਾ ਯੋਗਦਾਨ ਉਸ ਸਮੇਂ ਹੋਰ ਵੀ ਵੱਧ ਜਾਂਦਾ ਹੈ, ਜਿਸ ਸਮੇਂ ਤੁਸੀਂ ਸ਼ਹਿਰ ਦੇ ਮੈਚਿੰਗ ਫ਼ੰਡ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਦੀ ਹਿਮਾਇਤ ਕਰਦੇ ਹੋ। ਸ਼ਹਿਰ ਦੇ ਵਸਨੀਕਾਂ ਵਲੋਂ ਹਿੱਸਾ ਲੈਣ ਵਾਲੇ ਉਮੀਦਵਾਰਾਂ ਨੂੰ ਦਿੱਤੇ ਗਏ ਦਾਨ ਦੀ 8-ਤੋਂ-1 ਨਾਲ ਮੈਚਿੰਗ ਕੀਤੀ ਜਾ ਸਕਦੀ ਹੈ। ਇਸਦਾ ਮਤਲਬ ਇਹ ਹੈ ਕਿ ਜਦੋਂ ਤੁਸੀਂ $10 ਦਿੰਦੇ ਹੋ, ਤਾਂ ਉਮੀਦਵਾਰ ਨੂੰ $90 ਮਿਲਦੇ ਹਨ।

**ਮੈਚਿੰਗ ਫ਼ੰਡ ਪ੍ਰੋਗਰਾਮ ਬਾਰੇ ਹੋਰ ਜਾਣੋ।**

ਇਹ ਪ੍ਰੋਗਰਾਮ ਸਿਟੀ ਕੌਂਸਲ ਵਰਗੇ ਸਥਾਨਕ ਦਫ਼ਤਰਾਂ ਲਈ ਚੋਣ-ਪ੍ਰਚਾਰ ਕਰਨ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਮੇਅਰ ਨੂੰ ਨਿਊਯਾਰਕ ਦੇ ਵਸਨੀਕਾਂ ਤੋਂ ਛੋਟੀ ਰਕਮ ਦੇ ਡਾੱਲਰਾਂ ਵਿੱਚ ਫ਼ੰਡ ਦਿੱਤਾ ਜਾਂਦਾ ਹੈ, ਇਸ ਨਾਲ ਕੋਈ ਖ਼ਾਸ ਹਿੱਤ ਨਹੀਂ ਜੁੜੇ ਹੁੰਦੇ। ਇਸਦਾ ਮਤਲਬ ਇਹ ਵੀ ਹੈ ਕਿ ਜਿਹੜੇ ਉਮੀਦਵਾਰ ਅਮੀਰ ਨਹੀਂ ਹਨ, ਪਰ ਭਾਈਚਾਰੇ ਵਿੱਚ ਉਹਨਾਂ ਦੀ ਮਜ਼ਬੂਤ ਹਿਮਾਇਤ ਹੋਣ ਕਰਕੇ ਉਹ ਹੋਰ ਵੰਨ-ਸੁਵੰਨੀ ਅਤੇ ਨੁਮਾਇੰਦਾ ਸਰਕਾਰ ਬਣਾਉਣ ਲਈ ਚੋਣ ਲੜ ਸਕਦੇ ਹਨ। ਨਿਊ ਯਾਰਕ ਦੀ 2021 ਦੀ ਚੋਣ ਵਿੱਚ 83% ਤੋਂ ਵੱਧ ਸਥਾਨਕ ਉਮੀਦਵਾਰਾਂ ਨੇ ਦੱਸਿਆ ਹੈ ਕਿ ਦਫ਼ਤਰ ਲਈ ਚੋਣ ਲੜਣ ਵਾਸਤੇ ਉਹਨਾਂ ਦੀ ਸਮਰੱਥਾ ਲਈ ਮੈਚਿੰਗ ਫ਼ੰਡਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

**contribute.nycvotes.org**
'ਤੇ ਯੋਗਦਾਨ ਪਾਓ

# ਅਕਸਰ ਪੁੱਛੇ ਜਾਣ ਵਾਲੇ ਸੁਆਲ

## ਆਮ

### ਮੈਂ ਹੁਣੇ ਜਿਹੇ ਅਪ੍ਰੈਲ ਅਤੇ/ਜਾਂ ਜੂਨ ਵਿੱਚ ਹੀ ਵੋਟ ਪਾਈ ਸੀ। 5 ਨਵੰਬਰ ਦੀ ਚੋਣ ਕਿਸ ਤਰ੍ਹਾਂ ਅਲੱਗ ਹੈ?

ਇਸ ਸਾਲ ਦੇ ਸ਼ੁਰੂ ਵਿੱਚ, NYC ਨੇ ਇਹ ਫ਼ੈਸਲਾ ਕਰਨ ਲਈ ਪ੍ਰਾਇਮਰੀ ਚੋਣਾਂ ਕਰਵਾਈਆਂ ਸਨ ਕਿ 5 ਨਵੰਬਰ ਦੀਆਂ ਆਮ ਚੋਣਾਂ ਵਿੱਚ ਕਿਹੜੇ ਉਮੀਦਵਾਰ ਆਪਣੀਆਂ ਸਿਆਸੀ ਪਾਰਟੀਆਂ ਦੀ ਨੁਮਾਇੰਦਗੀ ਕਰਨਗੇ। ਪ੍ਰਾਇਮਰੀ ਚੋਣਾਂ ਵਿੱਚ ਸਿਰਫ਼ ਸਿਆਸੀ ਪਾਰਟੀਆਂ ਦੇ ਮੈਂਬਰ ਹੀ ਵੋਟ ਪਾਉਣ ਦੇ ਹੱਕਦਾਰ ਸਨ। ਆਮ ਚੋਣਾਂ ਵਿੱਚ, NYC ਦੇ ਵੋਟਰ ਹੀ ਫ਼ੈਸਲਾ ਕਰਨਗੇ ਕਿ ਜਨਵਰੀ ਵਿੱਚ ਕਿਹੜੇ ਉਮੀਦਵਾਰ ਅਹੁਦੇ 'ਤੇ ਬਣੇ ਰਹਿਣਗੇ।

NYC ਦੇ ਸਾਰੇ ਰਜਿਸਟਰਡ ਵੋਟਰ 5 ਨਵੰਬਰ ਨੂੰ ਵੋਟ ਪਾਉਣ ਦੇ ਹੱਕਦਾਰ ਹਨ।

### ਆਮ ਚੋਣ ਕੀ ਹੈ?

ਆਮ ਚੋਣ ਵਿੱਚ, ਵੱਖ-ਵੱਖ ਪਾਰਟੀਆਂ ਦੇ ਉਮੀਦਵਾਰ ਚੁਣਿਆ ਗਿਆ ਅਹੁਦਾ ਜਿੱਤਣ ਲਈ ਮੁਕਾਬਲਾ ਕਰਦੇ ਹਨ। ਤੁਸੀਂ ਵੋਟ-ਪਰਚੀ 'ਤੇ ਹਰ ਇੱਕ ਦਫ਼ਤਰ ਲਈ ਕਿਸੇ ਵੀ ਪਾਰਟੀ ਲਾਈਨ 'ਤੇ ਚੋਣ ਲੜ ਰਹੇ ਕਿਸੇ ਵੀ ਉਮੀਦਵਾਰ ਨੂੰ ਵੋਟ ਪਾ ਸਕਦੇ ਹੋ। ਤੁਸੀਂ ਤਜਵੀਜ਼ਾਂ ਵਾਲੀ ਵੋਟ ਪਰਚੀ 'ਤੇ ਵੀ "ਹਾਂ ਜਾਂ ਨਹੀਂ" ਵਿੱਚ ਵੋਟ ਪਾ ਸਕਦੇ ਹੋ। ਅੰਤਮ-ਤਾਰੀਖ਼ ਤੱਕ ਸਾਰੇ ਰਜਿਸਟਰਡ ਵੋਟਰ ਆਮ ਚੋਣਾਂ ਵਿੱਚ ਵੋਟ ਪਾਉਣ ਦੇ ਹੱਕਦਾਰ ਹਨ।

### ਮੈਂ ਵੋਟ ਪਾਉਣ ਲਈ ਰਜਿਸਟਰਡ ਹਾਂ, ਦਾ ਕਿਵੇਂ ਪਤਾ ਲਾ ਸਕਦਾ/ਸਕਦੀ ਹਾਂ?

**voterlookup.elections.ny.gov** 'ਤੇ ਜਾਓ ਜਾਂ ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ **866-VOTE-NYC (866-868-3692)** ਜਾਂ **TTY 212-487-5496** 'ਤੇ NYC ਚੋਣ ਬੋਰਡ ਨੂੰ ਕੱਾਲ ਕਰੋ।

### ਕੀ ਹੁੰਦਾ ਹੈ, ਜੇ ਮੈਂ ਆਖ਼ਰੀ ਵਾਰੀ ਵੋਟ ਪਾਉਣ ਤੋਂ ਬਾਅਦ ਨਿਊਯਾਰਕ ਸਿਟੀ ਦੇ ਅੰਦਰ ਕਿਤੇ ਚਲਾ ਗਿਆ/ਚਲੀ ਗਈ ਸੀ?

ਜਦੋਂ ਤੁਸੀਂ ਜਾਂਦੇ ਹੋ, ਤਾਂ ਤੁਹਾਨੂੰ ਨਵਾਂ ਵੋਟਰ ਰਜਿਸਟ੍ਰੇਸ਼ਨ ਫਾਰਮ ਜਮ੍ਹਾ ਕਰਕੇ ਚੋਣ ਬੋਰਡ ਕੋਲ ਆਪਣਾ ਪਤਾ ਬਦਲਵਾਉਣਾ ਚਾਹੀਦਾ ਹੈ। ਤੁਹਾਡਾ ਬਦਲਿਆ ਹੋਇਆ ਪਤਾ 26 ਅਕਤੂਬਰ, 2024 ਤੱਕ ਚੋਣ ਬੋਰਡ ਨੂੰ ਜ਼ਰੂਰ ਮਿਲ ਜਾਣਾ ਚਾਹੀਦਾ ਹੈ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ ਇਹ ਪਤਾ ਲਾਉਣ ਵਾਸਤੇ ਕਿ ਕੀ ਤੁਹਾਡੇ ਪਤੇ ਵਿੱਚ ਤਬਦੀਲੀ ਕਰਨ ਬਾਰੇ ਕਾਰਵਾਈ ਹੋ ਰਹੀ ਹੈ, ਲਈ **866-VOTE-NYC (866-868-3692)** ਜਾਂ **TTY 212-487-5496** 'ਤੇ ਕੱਾਲ ਕਰੋ।

ਜੇ ਤੁਹਾਡਾ ਪਤਾ ਅਜੇ ਤੱਕ ਅਪਡੇਟ ਨਹੀਂ ਹੋਇਆ, ਤਾਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਇੱਕ ਹਲਫ਼ਨਾਮੇ ਵਾਲੀ ਵੋਟ-ਪਰਚੀ ਲਈ ਬੇਨਤੀ ਕਰਕੇ ਤੁਹਾਡੇ ਨਵੇਂ ਪਤੇ ਲਈ ਮਿੱਥੀ ਗਈ ਵੋਟਾਂ ਪੈਣ ਦੀ ਥਾਂ 'ਤੇ ਵੋਟ ਪਾ ਸਕਦੇ ਹੋ।

## ਡਾਕ ਰਾਹੀਂ ਵੋਟ

### ਜੇ ਮੈਂ ਡਾਕ ਵੋਟ-ਪਰਚੀ ਰਾਹੀਂ ਵੋਟ ਪਾਉਣ ਦੀ ਬੇਨਤੀ ਕੀਤੀ ਹੈ, ਤਾਂ ਕੀ ਮੈਂ ਅਜੇ ਵੀ ਆਪ ਜਾਕੇ ਵੋਟ ਪਾ ਸਕਦਾ/ਸਕਦੀ ਹਾਂ?

ਜੇ ਤੁਸੀਂ ਡਾਕ ਵੋਟ-ਪਰਚੀ ਲਈ ਬੇਨਤੀ ਕੀਤੀ ਹੈ, ਤਾਂ ਫਿਰ ਤੁਹਾਨੂੰ ਇਸ ਰਾਹੀਂ ਹੀ ਵੋਟ ਪਾਉਣ ਦਾ ਪਲਾਨ ਬਣਾਉਣਾ ਚਾਹੀਦਾ ਹੈ। ਜਦੋਂ ਵੋਟਾਂ ਪੈ ਰਹੀਆਂ ਹੋਣ, ਤਾਂ ਤੁਸੀਂ ਵੋਟਿੰਗ ਵਾਲੀ ਕਿਸੇ ਵੀ ਥਾਂ 'ਤੇ ਆਪਣੀ ਭਰੀ ਹੋਈ ਵੋਟ-ਪਰਚੀ ਡ੍ਰੌਪ ਕਰ ਸਕਦੇ ਹੋ। ਹਾਲਾਂਕਿ, ਜੇ ਤੁਸੀਂ ਡਾਕ ਵੋਟ-ਪਰਚੀ ਦੀ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਪਰ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੀ ਵੋਟ ਪਾ ਸਕੋਗੇ। ਇਹ ਵੋਟ-ਪਰਚੀ ਵੱਖਰੀ ਨਜ਼ਰ ਆਏਗੀ। ਜੇ ਤੁਹਾਨੂੰ ਇਸਦੀ ਲੋੜ ਹੈ, ਤਾਂ ਮਦਦ ਲਈ ਪੋਲ ਵਰਕਰ ਨੂੰ ਕਹੋ।

### ਕੀ ਮੈਨੂੰ ਡਾਕ ਟਿਕਟਾਂ ਲਾਉਣ ਦੀ ਲੋੜ ਹੈ, ਜੇ ਮੈਂ ਆਪਣੀ ਵੋਟ-ਪਰਚੀ ਡਾਕ ਰਾਹੀਂ ਭੇਜਦਾ/ਭੇਜਦੀ ਹਾਂ?

ਨਹੀਂ, ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ। ਹਾਲਾਂਕਿ, ਜਿੰਨੀ ਛੇਤੀ ਸੰਭਵ ਹੋਵੇ, ਆਪਣੀ ਵੋਟ-ਪਰਚੀ ਵਾਪਸ ਡਾਕ ਰਾਹੀਂ ਭੇਜਣੀ ਯਕੀਨੀ ਬਣਾਓ। ਇਸ ਨੂੰ ਵੈਧ ਕਰਨ ਲਈ ਚੋਣ-ਦਿਵਸ ਤੱਕ ਪੋਸਟਮਾਰਕ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ।

### ਕੀ ਮੈਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੀ ਵੋਟ-ਪਰਚੀ ਪਾ ਸਕਦਾ/ਸਕਦੀ ਹਾਂ?

ਹਾਂ! ਤੁਸੀਂ NYC ਦੀ ਵੋਟਾਂ ਪੈਣ ਦੀ ਕਿਸੇ ਵੀ ਥਾਂ 'ਤੇ ਆਪਣੀ ਭਰੀ ਹੋਈ ਵੋਟ-ਪਰਚੀ ਡ੍ਰੌਪ ਕਰ ਸਕਦੇ ਹੋ। ਮੂਹਰਲੇ ਡੈਸਕ 'ਤੇ ਵੋਟ-ਪਰਚੀਆਂ ਵਾਲੇ ਡੱਬੇ ਮਿਲਣਗੇ। ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ।

### ਕੀ ਮੈਂ ਆਪਣੀ ਵੋਟ-ਪਰਚੀ ਵਾਪਸ ਕਰਨ ਤੋਂ ਬਾਅਦ ਇਸਦਾ ਟ੍ਰੈਕ ਕਰ ਸਕਦਾ/ਸਕਦੀ ਹਾਂ?

ਹਾਂ! **requestballot.vote.nyc/tracking** 'ਤੇ ਜਾਓ।

### ਕੀ ਹੁੰਦਾ ਹੈ, ਜੇ ਮੇਰੀ ਗੈਰਹਾਜ਼ਰ ਬੈਲਟ ਨਾਲ ਕੋਈ ਮਸਲਾ ਹੈ? ਕੀ ਮੈਨੂੰ ਇਸ ਨੂੰ ਦਰੁਸਤ ਕਰਨ ਦਾ ਮੌਕਾ ਮਿਲੇਗਾ? ਕਿਵੇਂ?

ਜੇ ਤੁਹਾਡੀ ਵੋਟ-ਪਰਚੀ ਦੇ ਲਿਫ਼ਾਫ਼ੇ 'ਤੇ ਦਸਤਖ਼ਤ ਨਾ ਕਰਨ ਜਾਂ ਗ਼ਲਤ ਦਸਤਖ਼ਤ ਕਰਨ ਵਰਗੀ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਤੁਹਾਨੂੰ ਕਾਨੂੰਨ ਦੀ ਲੋੜ ਅਨੁਸਾਰ ਇਸ ਬਾਰੇ ਚੋਣ ਬੋਰਡ ਨੂੰ ਦੱਸਣਾ ਪੈਣਾ ਹੈ। ਜੇ ਤੁਹਾਡੀ ਵੋਟ-ਪਰਚੀ 'ਤੇ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਦਫ਼ਤਰ ਇਸ ਗ਼ਲਤੀ ਦਾ ਪਤਾ ਲੱਗਣ ਦੇ 1 ਦਿਨ ਦੇ ਅੰਦਰ ਡਾਕ, ਈਮੇਲ ਜਾਂ ਫੋਨ (ਜੇ ਉਪਲਬਧ ਹੈ) ਰਾਹੀਂ ਤੁਹਾਡੇ ਨਾਲ ਸੰਪਰਕ ਕਰੇਗਾ। ਫਿਰ ਦਸਤਖ਼ਤਸ਼ੁਦਾ ਪੁਸ਼ਟੀ ਵਾਪਸ ਭੇਜਣ ਤੋਂ ਬਾਅਦ ਗ਼ਲਤੀ ਨੂੰ ਸੁਧਾਰਣ ਲਈ ਤੁਹਾਡੇ ਕੋਲ ਇਸ 7 ਦਿਨ ਦਾ ਸਮਾਂ ਹੋਏਗਾ।

ਕੀ ਤੁਹਾਡੇ ਹੋਰ ਸੁਆਲ ਹਨ? ਤੁਸੀਂ Instagram, Twitter ਜਾਂ Facebook 'ਤੇ ਸਾਡੇ ਤੱਕ ਪਹੁੰਚ ਕਰਨ ਲਈ **nycvotes@nyccfb.info** 'ਤੇ ਈਮੇਲ ਕਰ ਸਕਦੇ ਹੋ।

### ਕੀ ਤੁਹਾਡੇ ਹੋਰ ਸੁਆਲ ਹਨ?

**punjabi.nycvotes.org/faqs**'ਤੇ ਜਾਓ! ਤੁਸੀਂ **nycvotes@nyccfb.info** 'ਤੇ ਸਾਨੂੰ ਈਮੇਲ ਵੀ ਕਰ ਸਕਦੇ ਹੋ ਜਾਂ Instagram, Twitter ਜਾਂ Facebook (@nycvotes) 'ਤੇ ਸਾਨੂੰ ਮੈਸੇਜ ਭੇਜੋ।

## ਚੋਣ ਬੋਰਡ ਦੇ ਨਾਲ ਆਪਣੀ ਜਾਣਕਾਰੀ ਅਪਡੇਟ ਕਰੋ

ਸਾਨੂੰ ਤੁਹਾਡਾ ਨਾਂ ਅਤੇ ਪਤਾ ਨਿਊਯਾਰਕ ਸ਼ਹਿਰ ਚੋਣ ਬੋਰਡ ਵਲੋਂ ਪ੍ਰਬੰਧ ਕੀਤੀ ਗਈ ਰਜਿਸਟਰਡ ਵੋਟਰਾਂ ਦੀ ਸੂਚੀ ਤੋਂ ਮਿਲ ਗਿਆ ਹੈ। ਜੇ ਤੁਹਾਨੂੰ ਮੇਲ ਰਾਹੀਂ ਵੋਟ ਮਿਲਦੀ ਹੈ, ਪਰ ਤੁਸੀਂ ਉਸ ਪਤੇ 'ਤੇ ਨਹੀਂ ਰਹਿੰਦੇ ਜਾਂ ਪਿਛਲਾ ਵਸਨੀਕ ਚਲਾ ਗਿਆ ਹੈ ਜਾਂ ਉਸਦੀ ਮੌਤ ਹੋ ਗਈ ਹੈ, ਤਾਂ ਚੋਣ ਬੋਰਡ ਨੂੰ ਦੱਸੋ, ਤਾਂਜੋ ਉਹ ਆਪਣੇ ਰਿਕਾੱਰਡ ਦਰੁਸਤ ਕਰ ਸਕਣ।

## ਵੋਟਰ ਗਾਈਡ ਬਾਰੇ

NYC VOTES

ਕਾਨੂੰਨ ਅਨੁਸਾਰ, NYC Votes ਨੂੰ ਸ਼ਹਿਰੀ ਚੋਣਾਂ ਲਈ ਨਿਊਯਾਰਕ ਸਿਟੀ ਵਿਚਲੇ ਰਜਿਸਟਰਡ ਵੋਟਰ ਵਾਲੇ ਹਰ ਇੱਕ ਘਰ ਵਿੱਚ ਵੋਟਰ ਗਾਈਡ ਭੇਜਣੀ ਪੈਣੀ ਹੈ। ਅਸੀਂ ਹਰ ਰਜਿਸਟਰਡ ਵੋਟਰ ਨੂੰ ਅੰਗ੍ਰੇਜ਼ੀ ਅਤੇ ਸਪੈਨਿਸ਼ ਵਿੱਚ ਅਤੇ ਮਰਦਮਸ਼ੁਮਾਰੀ ਦੇ ਡਾਟਾ ਦੇ ਅਧਾਰ 'ਤੇ ਮਿੱਥੇ ਗਏ ਇਲਾਕਿਆਂ ਵਿਚਲੇ ਚੀਨੀ, ਕੋਰਿਆਈ ਅਤੇ ਬੰਗਾਲੀ ਵੋਟਰਾਂ ਨੂੰ ਇਹ ਗਾਈਡ ਭੇਜਦੇ ਹਾਂ।

ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ **punjabi.nycvotes.org/candidates**'ਤੇ ਜਾਓ।

ਦਿ ਨਿਊਯਾਰਕ ਸਿਟੀ 2024 ਆਮ ਚੋਣਾਂ ਬਾਰੇ ਵੋਟਰ ਗਾਈਡ। ਨਿਊਯਾਰਕ ਸਿਟੀ ਦੇ ਚੋਣ-ਪ੍ਰਚਾਰ ਸਬੰਧੀ ਫਾਇਨਾਂਸ ਬੋਰਡ ਵਲੋਂ ਕਾੱਪੀਰਾਈਟ © 2024. ਸਾਰੇ ਹੱਕ ਰਾਖਵੇਂ ਹਨ। Bellweather ਵਲੋਂ ਡਿਜ਼ਾਈਨ ਕੀਤੀ ਗਈ। USA ਵਿੱਚ ਤਿਆਰ ਕੀਤੀ ਗਈ।

## ਚੋਣ ਬੋਰਡ ਨਾਲ ਸੰਪਰਕ ਕਰੋ

ਚੋਣ ਬੋਰਡ ਸਾਡੀਆਂ ਚੋਣਾਂ ਦਾ ਪ੍ਰਬੰਧ ਕਰਦਾ ਹੈ ਅਤੇ ਰਜਿਸਟਰਡ ਵੋਟਰਾਂ ਦੇ ਡਾਟਾਬੇਸ ਦੀ ਸਾਂਭ-ਸੰਭਾਲ, ਵੋਟਾਂ ਪੈਣ ਵਾਲੀਆਂ ਥਾਵਾਂ ਦੀ ਨਿਗਰਾਨੀ, ਵੋਟ-ਪਰਚੀਆਂ ਦੀ ਗਿਣਤੀ ਅਤੇ ਚੋਣ ਨਤੀਜਿਆਂ ਦੀ ਰਿਪੋਰਟ ਕਰਨ ਲਈ ਜ਼ਿੰਮੇਵਾਰ ਹੈ। ਤੁਸੀਂ ਚੋਣ ਬੋਰਡ ਕੋਲ ਆਪਣੀ ਵੋਟਰ ਰਜਿਸਟ੍ਰੇਸ਼ਨ ਅਪਡੇਟ ਕਰ ਸਕਦੇ ਹੋ, ਗੈਰਹਾਜ਼ਰ ਬੈਲਟ ਲਈ ਅਪਲਾਈ ਕਰ ਸਕਦੇ ਹੋ, ਪੋਲ ਵਰਕਰ ਜਾਂ ਭਾਸ਼ਾ ਦੇ ਦੁਭਾਸ਼ੀਏ ਲਈ ਅਪਲਾਈ ਅਤੇ ਹੋਰ ਬਹੁਤ ਕੁਝ ਕਰ ਸਕਦੇ ਹੋ। ਅਸੀਂ ਚੋਣ ਬੋਰਡ ਦਾ ਹਿੱਸਾ ਨਹੀਂ ਹਾਂ।

**ਹੋਰ ਜਾਣਨ ਲਈ vote.nyc 'ਤੇ ਜਾਓ**

## ਕੰਮ-ਕਾਜ ਦਾ ਆਮ ਸਮਾਂ

ਸਵੇਰੇ 9:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਸੋਮਵਾਰ ਤੋਂ ਸ਼ੁੱਕਰਵਾਰ ਅਤੇ ਚੋਣ-ਦਿਵਸ 'ਤੇ ਅਤੇ ਉਸਤੋਂ ਪਹਿਲਾਂ ਪੈਣ ਵਾਲੇ ਵੀਕਐਂਡ ਦੌਰਾਨ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ ਕੰਮ ਕਰਨ ਦੇ ਸਮਿਆਂ ਲਈ **vote.nyc** 'ਤੇ ਪਤਾ ਲਾਓ ਜਾਂ **866-VOTE-NYC** ਜਾਂ (**TTY 212-487-5496** 'ਤੇ ਕਾੱਲ ਕਰੋ)।

| | ਪਤਾ | ਫੋਨ ਨੰਬਰ |
|---|---|---|
| ਆਮ ਦਫ਼ਤਰ | 32-42 Broadway, 7th Floor<br>New York, NY 10004 | 212-487-5400 |
| **Bronx** | 1780 Grand Concourse, 5th Floor<br>Bronx, NY 10457 | 718-299-9017 |
| **Brooklyn** | 345 Adams Street, 4th Floor<br>Brooklyn, NY 11201 | 718-797-8800 |
| **Manhattan** | 200 Varick Street, 10th Floor<br>New York, NY 10014 | 212-886-2100 |
| **Queens** | 118-35 Queens Boulevard, 11th Floor<br>Forest Hills, NY 11375 | 718-730-6730 |
| **Staten Island** | 1 Edgewater Plaza, 4th Floor<br>Staten Island, NY 10305 | 718-876-0079 |